ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 26 | Tuesday, February 08, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਫਰੀਡਮ ਕੌਨਵੌਏ ਨੂੰ ਆਰਥਿਕ ਮਦਦ ਕਰਨ ਵਿੱਚ ਗੜਬੜ ਸਾਹਮਣੇ ਆਉਣ ਉੱਤੇ ਕਾਰਵਾਈ ਕਰੇਗੀ ਫੈਡਰਲ ਸਰਕਾਰ : ਮੈਂਡੀਸਿਨੋ



ਓਟਵਾ, 7 ਫਰਵਰੀ (ਪੋਸਟ ਬਿਊਰੋ) : ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਫਰੀਡਮ ਕੌਨਵੌਏ ਨੂੰ ਆਰਥਿਕ ਮਦਦ ਕਰਨ ਵਿੱਚ ਹੋਈ ਕਿਸੇ ਵੀ ਕਿਸਮ ਦੀ ਗੜਬੜ ਜੇ ਸਾਹਮਣੇ ਆਉਂਦੀ ਹੈ ਤਾਂ ਫੈਡਰਲ ਸਰਕਾਰ ਉਸ ਸਬੰਧ ਵਿੱਚ ਕਾਰਵਾਈ ਕਰੇਗੀ।

ਮੈਂਡੀਸਿਨੋ ਵੱਲੋਂ ਇਹ ਟਿੱਪਣੀਆਂ ਉਸ ਸਮੇਂ ਕੀਤੀਆਂ ਗਈਆਂ ਜਦੋਂ ਇਨ੍ਹਾਂ ਕਿਆਫਿਆਂ ਨੇ ਜ਼ੋਰ ਫੜ੍ਹਿਆ ਕਿ ਕੌਨਵੌਏ ਨੂੰ ਅਮਰੀਕਾ ਦੇ ਕ੍ਰਾਊਡਫੰਡਿੰਗ ਪਲੇਟਫਾਰਮ ਗੋ ਫੰਡ ਮੀਂ ਰਾਹੀਂ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ। ਇਹ ਵੀ ਪਤਾ ਲੱਗਿਆ ਸੀ ਕਿ ਇਸ ਪਲੇਟਫਾਰਮ ਰਾਹੀਂ ਟਰੱਕਰਜ਼ ਦੇ ਇਸ ਮੁਜ਼ਾਹਰੇ ਨੂੰ ਚੱਲਦਾ ਰੱਖਣ ਲਈ 10 ਮਿਲੀਅਨ ਡਾਲਰ ਇੱਕਠਾ ਕੀਤਾ ਗਿਆ ਹੈ। ਪਿਛਲੇ ਹਫਤੇ ਇਸ ਪਲੇਟਫਾਰਮ ਉੱਤੇ ਇਹ ਦੋਸ਼ ਲੱਗੇ ਸਨ ਕਿ ਇਸ ਵੱਲੋਂ ਨਿਯਮਾਂ ਤੇ ਸ਼ਰਤਾਂ ਦੀ ਉਲੰਘਣਾ ਕੀਤੀ ਗਈ ਹੈ ਤਾਂ ਉਸ ਤੋਂ ਬਾਅਦ ਗਰੁੱਪ ਦੇ ਫੰਡਰੇਜ਼ਿੰਗ ਪੇਜ ਨੂੰ ਹਟਾ ਦਿੱਤਾ ਗਿਆ ਸੀ।

ਗੋ ਫੰਡ ਮੀਂ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਸੀ ਕਿ ਸਾਨੂੰ ਇਨ੍ਹਾਂ ਗੱਲਾਂ ਦਾ ਸਬੂਤ ਮਿਲਿਆ ਹੈ ਕਿ ਪਹਿਲਾਂ ਸ਼ਾਂਤਮਈ ਢੰਗ ਨਾਲ ਕੀਤਾ ਜਾ ਰਿਹਾ ਇਹ ਮੁਜ਼ਾਹਰਾ ਹੁਣ ਹਿੰਸਕ ਹੋ ਗਿਆ ਹੈ ਤੇ ਇਸ ਦੌਰਾਨ ਹੋਰ ਗੈਰਕਾਨੂੰਨੀ ਗਤੀਵਿਧੀਆਂ ਨੂੰ ਵੀ ਅੰਜਾਮ ਦਿੱਤਾ ਜਾ ਰਿਹਾ ਹੈ। ਇਸ ਪਲੇਟਫਾਰਮ ਵੱਲੋਂ ਇੱਕ ਮਿਲੀਅਨ ਡਾਲਰ ਮੁਜ਼ਾਹਰਿਆਂ ਦੇ ਆਰਗੇਨਾਈਜ਼ਰਜ਼ ਨੂੰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਬਾਕੀ ਦੀ ਰਕਮ ਡੋਨਰਜ਼ ਨੂੰ ਸਿੱਧੇ ਤੌਰ ਉੱਤੇ ਵਾਪਿਸ ਕੀਤੀ ਜਾਵੇਗੀ। ਹਾਲਾਂਕਿ ਡੋਨਰਜ਼ ਦੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ ਪਰ ਪਿਛਲੇ ਹਫਤੇ ਇੱਕ ਕਾਨਫਰੰਸ ਦੌਰਾਨ ਓਟਵਾ ਦੇ ਪੁਲਿਸ ਚੀਫ ਪੀਟਰ ਸਲੋਲੀ ਨੇ ਆਖਿਆ ਸੀ ਕਿ ਇਸ ਵਿੱਚ ਅਮਰੀਕੀ ਲਿੰਕ ਹੋ ਸਕਦੇ ਹਨ।

ਹਾਊਸ ਆਫ ਕਾਮਨਜ਼ ਦੀ ਪਬਲਿਕ ਸੇਫਟੀ ਤੇ ਨੈਸ਼ਨਲ ਸਕਿਊਰਿਟੀ ਕਮੇਟੀ ਵਿੱਚ ਮੌਜੂਦ ਐਮਪੀਜ਼ ਵੱਲੋਂ ਗੋ ਫੰਡ ਮੀਂ ਵੱਲੋਂ ਇੱਕਠੇ ਕੀਤੀ ਗਏ ਫੰਡਾਂ ਬਾਰੇ ਸਫਾਈ ਦੇਣ ਲਈ ਕਮੇਟੀ ਸਾਹਮਣੇ ਪੇਸ਼ ਹੋਣ ਦੀ ਮੰਗ ਵੀ ਕੀਤੀ ਗਈ ਸੀ। ਮੈਂਡੀਸਿਨੋ ਨੇ ਸਪਸ਼ਟ ਕੀਤਾ ਕਿ ਜੇ ਇਨ੍ਹਾਂ ਫੰਡਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਗੜਬੜ ਪਾਈ ਜਾਂਦੀ ਹੈ ਤਾਂ ਫੈਡਰਲ ਸਰਕਾਰ ਉਸ ਸਬੰਧ ਵਿੱਚ ਕਾਰਵਾਈ ਜ਼ਰੂਰ ਕਰੇਗੀ।

## ਪ੍ਰੋਵਿੰਸ਼ੀਅਲ ਤੇ ਮਿਊਂਸਪਲ ਸਰਕਾਰਾਂ ਨਾਲ ਤਾਲਮੇਲ ਕਰਕੇ ਮੁਜ਼ਾਹਰੇ ਰੋਕਣ ਲਈ ਅਗਲੀ ਯੋਜਨਾ ਉਲੀਕੇਗੀ ਸਰਕਾਰ : ਟਰੂਡੋ

ਓਟਵਾ, 7 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਟਰੱਕਰ ਕੌਨਵੌਏ ਵੱਲੋਂ ਕੀਤੇ ਜਾ ਰਹੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਦਾ ਸੱਦਾ ਦਿੱਤਾ ਗਿਆ ਹੈ। ਦੇਸ਼ ਦੀ ਰਾਜਧਾਨੀ ਵਿੱਚ ਇਹ ਮੁਜ਼ਾਹਰੇ ਦੂਜੇ ਹਫਤੇ ਵਿੱਚ ਪਹੁੰਚ ਗਏ ਹਨ।

ਸੋਮਵਾਰ ਰਾਤ ਨੂੰ ਹਾਊਸ ਆਫ ਕਾਮਨਜ਼ ਵਿੱਚ ਐਮਰਜੰਸੀ ਬਹਿਸ ਵਿੱਚ ਹਿੱਸਾ ਲੈਂਦਿਆਂ ਟਰੂਡੋ ਨੇ ਆਖਿਆ ਕਿ ਇਨ੍ਹਾਂ ਮੁਜ਼ਾਹਰਿਆਂ ਨੂੰ ਰੋਕਣਾ ਹੀ ਹੋਵੇਗਾ। ਹਾਊਸ ਆਫ ਕਾਮਨਜ਼ ਦੀ ਇਹ ਬਹਿਸ ਐਨਡੀਪੀ ਵੱਲੋਂ ਸੱਦੀ ਗਈ ਸੀ। ਦੁਨੀਆਂ ਭਰ ਦੀਆਂ ਨਜ਼ਰਾਂ ਓਟਵਾ ਉੱਤੇ ਹੋਣ ਕਾਰਨ ਐਨਡੀਪੀ ਨੇ ਆਖਿਆ ਕਿ ਹੁਣ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ। ਇਸ ਉਪਰੰਤ ਟਰੂਡੋ ਨੇ ਆਖਿਆ ਕਿ ਕੋਵਿਡ ਤੋਂ ਹਰ ਕੋਈ ਪਰੇਸ਼ਾਨ ਹੈ ਪਰ ਇਹ ਮੁਜ਼ਾਹਰੇ ਇਸ ਤੋਂ ਪਾਰ ਪਾਉਣ ਦਾ ਰਾਹ ਨਹੀਂ ਹਨ। ਟਰੂਡੋ ਨੇ ਇਹ ਵੀ ਆਖਿਆ ਕਿ ਓਟਵਾ ਵੱਲੋਂ ਸਹਿਯੋਗ ਲਈ ਕੀਤੀ ਜਾ ਰਹੀ ਮੰਗ ਨੂੰ ਫੈਡਰਲ ਸਰਕਾਰ ਜ਼ਰੂਰ ਪੂਰਾ ਕਰੇਗੀ। ਸ਼ਹਿਰ ਵਿੱਚ ਮੁੜ ਅਮਨ ਤੇ ਸ਼ਾਂਤੀ ਨੂੰ ਬਹਾਲ ਕਰਨ ਲਈ ਹਰ ਪੱਧਰ ਉੱਤੇ ਅਥਾਰਟੀਜ਼ ਦੀ ਇੱਕ ਰਾਇ ਹੋਣਾ ਬਹੁਤ ਜ਼ਰੂਰੀ ਹੈ।



ਟਰੂਡੋ ਨੇ ਆਖਿਆ ਕਿ ਆਪਣੇ ਹੀ ਆਲੇ ਦੁਆਲੇ ਵਿੱਚ ਓਟਵਾ ਦੇ ਲੋਕ ਟਰੱਕਰਜ਼ ਦੇ ਇਸ ਰੋਸ ਮੁਜ਼ਾਹਰੇ ਕਾਰਨ ਪਰੇਸ਼ਾਨ ਹਨ। ਸਿਰਫ ਇਸ ਲਈ ਕਿ ਉਹ ਮਾਸਕ ਪਾ ਰਹੇ ਹਨ ਤੇ ਨਿਯਮਾਂ ਦੀ ਪਾਲਣਾ ਕਰ ਰਹੇ ਹਨ, ਉਨ੍ਹਾਂ ਨੂੰ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਆਖਿਆ ਕਿ ਮਹਾਂਮਾਰੀ ਸਬੰਧੀ ਇਹ ਪਾਬੰਦੀਆ ਸਦਾ ਨਹੀਂ ਰਹਿਣ ਵਾਲੀਆਂ। ਟਰੱਕਰਜ਼ ਵੱਲੋਂ ਕੀਤੇ ਜਾ ਰਹੇ ਮੁਜ਼ਾਹਰੇ ਦੇ ਦੂਜੇ ਵੀਕੈਂਡ ਵੀ ਜਾਰੀ ਰਹਿਣ ਤੇ ਹਿੰਸਕ ਘਟਨਾਵਾਂ ਮਗਰੋਂ ਗ੍ਰਿਫਤਾਰੀਆਂ ਦੇ ਮੱਦੇਨਜ਼ਰ ਐਤਵਾਰ ਨੂੰ ਓਟਵਾ ਦੇ ਮੇਅਰ ਵੱਲੋਂ ਸਟੇਟ ਆਫ ਐਮਰਜੰਸੀ ਐਲਾਨ ਦਿੱਤੀ ਗਈ ਸੀ। ਸੋਮਵਾਰ ਸ਼ਾਮ ਤੱਕ ਸੈਂਕੜੇ ਟਰੱਕ ਓਟਵਾ ਦੀਆਂ ਸੜਕਾਂ ਉੱਤੇ ਘੁੰਮ ਰਹੇ ਸਨ ਤੇ ਆਰਗੇਨਾਈਜ਼ਰਜ਼ ਪਿੱਛੇ ਹਟਣ ਲਈ ਤਿਆਰ ਨਹੀਂ ਹਨ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਨਾਲ ਨਜਿੱਠਣ ਲਈ ਸਾਹਮਣੇ ਆਉਣ ਜਾਂ ਕੋਈ ਪਹਿਲਕਦਮੀ ਕਰਨ ਤੋਂ ਟਲਣ ਕਾਰਨ ਵਿਰੋਧੀ ਧਿਰਾਂ ਵੱਲੋਂ ਟਰੂਡੋ ਉੱਤੇ ਦੋਸ਼ ਲਾਏ ਜਾ ਰਹੇ ਸਨ ਕਿ ਉਹ ਲੁਕਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਸਥਿਤੀ ਤੋਂ ਬਚਣ ਲਈ ਸਾਹਮਣੇ ਨਹੀਂ ਆ ਰਹੇ। ਇਸ ਤੋਂ ਪਹਿਲਾਂ ਸੋਮਵਾਰ ਨੂੰ ਫੈਡਰਲ ਅਧਿਕਾਰੀਆਂ ਨੇ ਪ੍ਰੈੱਸ ਕਾਨਫਰੰਸ ਕੀਤੀ ਤੇ ਟਰੱਕਰਜ਼ ਨੂੰ ਮੁਜ਼ਾਹਰੇ ਬੰਦ ਕਰਨ ਦਾ ਸੱਦਾ ਦਿੱਤਾ। ਇਸ ਦੇ ਨਾਲ ਹੀ ਫੈਡਰਲ ਅਧਿਕਾਰੀਆਂ ਨੇ ਪ੍ਰੋਵਿੰਸ਼ੀਅਲ ਤੇ ਮਿਊਂਸਪਲ ਸਰਕਾਰਾਂ ਨਾਲ ਤਾਲਮੇਲ ਕਰਕੇ ਅਗਲੇ ਕਦਮ ਉਲੀਕਣ ਦਾ ਤਹੱਈਆ ਵੀ ਪ੍ਰਗਟਾਇਆ।

## ਮੁਜ਼ਾਹਰਾ ਮੁੱਕਣ ਦੇ ਬਾਵਜੂਦ ਕੁਈਨਜ਼ ਪਾਰਕ ਦੇ ਨੇੜੇ ਬਣੀ ਰਹੇਗੀ ਪੁਲਿਸ

ਟੋਰਾਂਟੋ, 7 ਫਰਵਰੀ (ਪੋਸਟ ਬਿਊਰੋ) : ਪਬਲਿਕ ਹੈਲਥ ਮਾਪਦੰਡਾਂ ਸਬੰਧੀ ਵੀਕੈਂਡ ਉੱਤੇ ਕੁਈਨਜ਼ ਪਾਰਕ ਉੱਤੇ ਕੀਤੇ ਗਏ ਮੁਜ਼ਾਹਰਿਆਂ ਕਾਰਨ ਬੰਦ ਹੋਈ ਡਾਊਨਟਾਊਨ ਦੀਆਂ ਸੜਕਾਂ ਨੂੰ ਖੁੱਲ੍ਹਵਾਉਣ ਲਈ ਟੋਰਾਂਟੋ ਪੁਲਿਸ ਕੰਮ ਕਰ ਰਹੀ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਾਂਤਮਈ ਢੰਗ ਨਾਲ ਕੱਢੀ ਗਈ ਰੈਲੀ ਤੋਂ ਬਾਅਦ ਉਨ੍ਹਾਂ ਵੱਲੋਂ ਰਾਤ ਭਰ ਤੋਂ ਸੜਕਾਂ ਮੁੜ ਖੁੱਲ੍ਹਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕਈ ਸੜਕਾਂ ਉੱਤੇ ਲਾਏ ਗਏ ਬਲਾਕਏਡਜ਼ ਖੁੱਲ੍ਹ ਚੁੱਕੇ ਹਨ। ਕਈ ਥਾਂਵਾਂ ਤੋਂ ਸੜਕਾਂ ਪ੍ਰੋਵਿੰਸ ਦੀ ਵਿਧਾਨ ਸਭਾ ਦੇ ਆਲੇ ਦੁਆਲੇ ਤੋਂ ਹੀ ਬੰਦ ਕੀਤੀਆਂ ਗਈਆਂ ਸਨ। ਪੁਲਿਸ ਦਾ ਕਹਿਣਾ ਹੈ ਕਿ ਰੈਲੀ ਦਰਾਨ ਕੁਈਨਜ਼ ਪਾਰਕ ਦੇ ਆਲੇ ਦੁਆਲੇ ਟਰੱਕਾਂ ਨੂੰ ਇੱਕਠਾ ਹੋਣ ਤੋਂ ਰੋਕਣ ਵਿੱਚ ਉਹ ਕਾਮਯਾਬ ਰਹੇ।



ਪੁਲਿਸ ਅਧਿਕਾਰੀ ਵੱਡੀ ਮਾਤਰਾ ਵਿੱਚ ਰੈਲੀ ਦੌਰਾਨ ਡਾਊਨਟਾਊਨ ਵਿੱਚ ਰਹੇ। ਉਨ੍ਹਾਂ ਇਹ ਵੀ ਆਖਿਆ ਕਿ ਜੇ ਸੋਮਵਾਰ ਨੂੰ ਮੁਜ਼ਾਹਰਾਕਾਰੀ ਪਰਤਦੇ ਹਨ ਤਾਂ ਉਹ ਉਨ੍ਹਾਂ ਦਾ ਸਾਹਮਣਾ ਕਰਨ ਲਈ ਇੱਥੇ ਹੀ ਹੋਣਗੇ। ਇੱਕ ਅੰਦਾਜ਼ੇ ਮੁਤਾਬਕ 2000 ਦੇ ਨੇੜੇ ਤੇੜੇ ਮੁਜ਼ਾਹਰਾਕਾਰੀ ਡਾਊਨਟਾਊਨ ਟੋਰਾਂਟੋ ਵਿੱਚ ਇੱਕਠੇ ਹੋਏ।

## ਲਾਇਸੰਸ ਪਲੇਟ ਸਟਿੱਕਰਜ਼ ਨੂੰ ਖ਼ਤਮ ਕਰਨ ਬਾਰੇ ਵਿਚਾਰ ਕਰ ਰਹੀ ਹੈ ਫੋਰਡ ਸਰਕਾਰ

ਓਨਟਾਰੀਓ, 7 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੀਆਂ ਗੱਡੀਆਂ ਲਈ ਲਾਇਸੰਸ ਪਲੇਟ ਸਟਿੱਕਰਜ਼ ਨੂੰ ਖ਼ਤਮ ਕਰਨ ਬਾਰੇ ਫੋਰਡ ਸਰਕਾਰ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ।

ਹਾਲਾਂਕਿ ਇਹ ਪਲੈਨ ਫਾਈਨਲ ਨਹੀਂ ਕੀਤਾ ਗਿਆ ਪਰ ਇਸ ਨਾਲ ਮੋਟਰਿਸਟਸ ਨੂੰ ਸਾਲਾਨਾ 120 ਡਾਲਰ ਦੀ ਬਚਤ ਹੋਵੇਗੀ। ਜਾਣਕਾਰ ਸੂਤਰਾਂ ਅਨੁਸਾਰ ਲਾਇਸੰਸ ਪਲੇਟ ਸਟਿੱਕਰ ਪੈਸੈਂਜਰ ਵ੍ਹੀਕਲਜ਼, ਹਲਕੇ ਕਮਰਸ਼ੀਅਲ ਵ੍ਹੀਕਲਜ਼-ਜਿਨ੍ਹਾਂ ਵਿੱਚ ਪਿੱਕ ਅੱਪ ਟਰੱਕਜ਼ ਤੇ ਮੋਟਰਸਾਈਕਲ ਸ਼ਾਮਲ ਹਨ, ਤੋਂ ਹਟਾਏ ਜਾ ਸਕਦੇ ਹਨ। ਸੂਤਰਾਂ ਨੇ ਆਖਿਆ ਕਿ ਲਾਇਸੰਸ ਪਲੇਟ ਸਟਿੱਕਰਜ਼ ਹਟਾਏ ਜਾਣ ਨਾਲ ਸਰਕਾਰ ਦੀ ਆਮਦਨ ਵਿੱਚ ਹਰ ਸਾਲ ਇੱਕ ਬਿਲੀਅਨ ਡਾਲਰ ਦੀ ਕਟੌਤੀ ਹੋਵੇਗੀ। ਸੂਤਰਾਂ ਨੇ ਇਹ ਵੀ ਦੱਸਿਆ ਕਿ ਇਸ ਸਬੰਧ ਵਿੱਚ ਐਲਾਨ ਆਉਣ ਵਾਲੇ ਦਿਨਾਂ ਵਿੱਚ ਕੀਤਾ ਜਾਵੇਗਾ। ਇਹ ਵੀ ਪਤਾ ਲੱਗਿਆ ਹੈ ਕਿ ਜਿਨ੍ਹਾਂ ਓਨਟਾਰੀਓ ਵਾਸੀਆਂ ਨੇ ਆਪਣੇ ਲਾਇਸੰਸ ਪਲੇਟ ਸਟਿੱਕਰ ਨੰਵਿਆਏ ਸਨ ਉਨ੍ਹਾਂ ਨੂੰ ਸਰਕਾਰ ਰੀਫੰਡ ਵੀ ਦੇਵੇਗੀ। ਪਰ ਇਸ ਰੀਫੰਡ ਨੂੰ ਹਾਸਲ ਕਰਨ ਵਾਲਿਆਂ ਦੀ ਲਿਸਟ ਫਾਈਨਲ ਨਹੀਂ ਕੀਤੀ ਗਈ ਹੈ। ਮੌਜੂਦਾ ਨਿਯਮ ਮੁਤਾਬਕ ਓਨਟਾਰੀਓ ਦੇ ਡਰਾਈਵਰਾਂ ਨੂੰ 28 ਫਰਵਰੀ ਤੋਂ ਪਹਿਲਾਂ ਆਪਣੇ ਐਕਸਪਾਇਰ ਹੋ ਚੁੱਕੇ ਲਾਇਸੰਸ ਪਲੇਟ ਸਟਿੱਕਰਜ਼ ਨੂੰ ਰਨਿਊ ਕਰਵਾਉਣਾ ਜ਼ਰੂਰੀ ਹੈ।



NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic.12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

## ਹਿੱਟ ਐਂਡ ਰੰਨ ਵਿੱਚ ਮਹਿਲਾ ਜ਼ਖ਼ਮੀ, ਪੁਲਿਸ ਕਰ ਰਹੀ ਹੈ 2 ਮਸ਼ਕੂਕਾਂ ਦੀ ਭਾਲ

ਮਿਸੀਸਾਗਾ, 7 ਫਰਵਰੀ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਮਿਸੀਸਾਗਾ ਵਿੱਚ ਵਾਪਰੀ ਹਿੱਟ ਐਂਡ ਰੰਨ ਦੀ ਘਟਨਾ ਦੇ ਸਬੰਧ ਵਿੱਚ ਪੀਲ ਪੁਲਿਸ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।



ਪੁਲਿਸ ਨੇ ਦੱਸਿਆ ਕਿ ਦੁਪਹਿਰ 2:00 ਵਜੇ ਤੋਂ ਪਹਿਲਾਂ ਪਾਈਨਟਰੀ ਕ੍ਰੀਸੈਂਟ ਤੇ ਸਟੇਵਬੈਂਕ ਰੋਡ ਇਲਾਕੇ ਵਿੱਚ ਇੱਕ ਗੱਡੀ ਵੱਲੋਂ ਇੱਕ ਮਹਿਲਾ ਨੂੰ ਟੱਕਰ ਮਾਰੀ ਗਈ। ਮਹਿਲਾਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਿਸ ਗੱਡੀ ਵੱਲੋਂ ਮਹਿਲਾ ਨੂੰ ਟੱਕਰ ਮਾਰੀ ਗਈ ਉਹ ਹਾਦਸੇ ਤੋਂ ਬਾਅਦ ਮੌਕੇ ਉੱਤੇ ਨਹੀਂ ਰੁਕੀ ਪਰ ਥੋੜ੍ਹੀ ਦੇਰ ਬਾਅਦ ਕਾਰ ਤਾਂ ਲੱਭ ਗਈ ਪਰ ਕਾਰ ਸਵਾਰ ਗੱਡੀ ਨੂੰ ਛੱਡ ਕੇ ਫਰਾਰ ਹੋ ਗਏ।

ਉਨ੍ਹਾਂ ਦੇ ਪੁਲਿਸ ਵੱਲੋਂ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਹ ਦੋ ਵਿਅਕਤੀ ਸਨ ਤੇ ਦੋਵੇਂ ਆਪਣੇ 20ਵਿਆਂ ਵਿੱਚ ਸਨ ਤੇ ਉਨ੍ਹਾਂ ਵਿੱਚੋਂ ਇੱਕ ਨੇ ਕਾਲੇ ਰੰਗ ਦੀ ਜੈਕੇਟ ਤੇ ਸਿਆਹ ਰੰਗ ਦੀ ਪੈਂਟ ਪਾਈ ਹੋਈ ਸੀ ਤੇ ਮਹਿਲਾ ਨੇ ਫਰ ਵਾਲੀ ਕਾਲੀ ਜੈਕੇਟ ਤੇ ਕਾਲੀ ਪੈਂਟ ਪਾਈ ਹੋਈ ਸੀ।

## ਨਰਿੰਦਰ ਮੋਦੀ ਨੇ ਚੋਭ ਲਾਈ

## ਕਾਂਗਰਸ ਨੇ ਸੌ ਸਾਲਾਂ ਤਕ ਸੱਤਾ ਵਿੱਚ ਨਾ ਆਉਣ ਦਾ ਮਨ ਬਣਾ ਲਿਐ

ਨਵੀਂ ਦਿੱਲੀ, 7 ਫਰਵਰੀ, (ਪੋਸਟ ਬਿਊਰੋ)- ਆਪਣੇ ਚੋਭਾਂ ਲਾਉਣ ਦੇ ਪੁਰਾਣੇ ਸੁਭਾਅ ਦੇ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸੋਮਵਾਰ ਨੂੰ ਪਾਰਲੀਮੈਂਟ ਵਿੱਚ ਬੋਲਦੇ ਸਮੇਂ ਕਾਂਗਰਸ ਦੇ ਸੁੰਗੜਦੇ ਆਧਾਰ ਦੇ ਇਤਿਹਾਸ ਨੂੰ ਲੋਕਾਂ ਅੱਗੇ ਰੱਖਿਆ ਤੇ ਕਿਹਾ ਕਿ ਕਾਂਗਰਸ ਖੁਦ ਹੀ ਸੱਤਾ ਵਿੱਚ ਨਹੀਂ ਆਉਣਾ ਚਾਹੁੰਦੀ।

ਬਹੁਤ ਸਾਰੇ ਅੰਕੜਿਆਂ ਦੇ ਹਵਾਲੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯਾਦ ਕਰਾਇਆ ਕਿ ਭਾਰਤ ਉੱਤੇ 60 ਰਾਜ ਕਰਨ ਵਾਲੀ ਕਾਂਗਰਸ ਨੂੰ ਨਾਗਾਲੈਂਡ ਦੇ ਲੋਕਾਂ ਨੇ ਆਖ਼ਰੀ ਵਾਰ 1998ਵਿੱਚ ਵੋਟਾਂ ਪਾਈਆਂ ਸਨ, ਓਡੀਸ਼ਾਵਿੱਚ 27 ਸਾਲਾਂ ਤੋਂ ਕਾਂਗਰਸ ਸੱਤਾ ਤੋਂ ਬਾਹਰ ਹੈ ਤੇ ਗੋਆਵਿੱਚ 1994ਵਿੱਚ ਬਹੁ-ਸੰਮਤੀ ਮਿਲੀ ਸੀ।ਉਨ੍ਹਾਂ ਕਿਹਾ ਕਿ ਉਤਰ ਪ੍ਰਦੇਸ਼, ਬਿਹਾਰ ਤੇ ਝਾਰਖੰਡਵਿੱਚ ਕਾਂਗਰਸੀ ਰਾਜ ਨੂੰ 37 ਸਾਲ ਗੁਜ਼ਰ ਗਏ, ਤਾਮਿਲਨਾਡੂਬਣਾਉਣਦਾ ਸਿਹਰਾ ਕਾਂਗਰਸ ਮੰਗਦੀ ਹੈ, ਪਰ ਓਥੇ ਲੋਕਾਂ ਨੇ ਕਦੇ ਕਾਂਗਰਸ ਨੂੰ ਨਹੀਂਅਪਣਾਇਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਇਸ ਲਈ ਹੋ ਰਿਹਾ ਹੈ ਕਿ ਕਾਂਗਰਸ ਜੜ੍ਹਾਂ ਤੋਂ ਕੱਟੀ ਗਈ ਅਤੇ ਜਨਤਾ ਤੋਂ ਦੂਰ ਹੋ ਗਈ ਹੈ।



ਪਾਰਲੀਮੈਂਟ ਵਿੱਚ ਵਿਰੋਧੀ ਪਾਰਟੀਆਂ ਦੇ ਰੌਲੇਦੌਰਾਨ ਕਾਂਗਰਸੀ ਆਗੂ ਰਾਹੁਲ ਗਾਂਧੀ ਉੱਤੇਅਸਿੱਧਾਵਿਅੰਗ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, 'ਤੁਹਾਡੇ ਬਿਆਨਾਂ ਤੇ ਪ੍ਰੋਗਰਾਮਾਂ ਤੋਂ ਇਹ ਲੱਗਦਾ ਹੈ ਕਿ ਤੁਸੀਂ ਸੌ ਸਾਲ ਸੱਤਾਵਿੱਚਨਾ ਆਉਣ ਦਾ ਮਨ ਬਣਾ ਲਿਆ ਹੈ। ਥੋੜ੍ਹੀ ਜਿਹੀ ਆਸ ਹੁੰਦੀ ਤਾਂ ਏਦਾਂ ਨਾ ਕਰਦੇ। ਤੁਸੀਂ ਤੈਅ ਕਰ ਲਿਆ ਹੈ ਕਿ ਸੌ ਸਾਲ ਸੱਤਾ ਵਿੱਚ ਨਹੀਂ ਆਉਣਾ ਤਾਂ ਅਸੀਂ ਵੀ ਤਿਆਰੀ ਕਰ ਲਈ ਹੈ।'

ਰਾਸ਼ਟਰਪਤੀ ਦੇ ਭਾਸ਼ਣ ਉੱਤੇ ਧੰਨਵਾਦ ਦੇ ਮਤੇ ਉੱਤੇ ਪਿਛਲੇ ਤਿੰਨ ਦਿਨਾਂ ਤੋਂ ਚੱਲਦੀ ਬਹਿਸ ਦਾ ਜਵਾਬ ਦੇਂਦੇ ਹੋਏ ਅੱਜ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅੰਦਾਜ਼ ਹਾਸਰਸ ਅਤੇ ਵਿਅੰਗ ਵਾਲਾ ਤੇ ਸ਼ਬਦ ਤਿੱਖੇ ਸਨ। ਉਨ੍ਹਾਂ ਨੇ ਸਰਕਾਰ ਦੇ ਕੰਮਾਂ ਨੂੰ ਦੇਸ਼ ਦੀਆਂ ਪ੍ਰਾਪਤੀਆਂ ਨਾਲ ਜੋੜ ਕੇ ਕਿਹਾ ਕਿਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਖੁਦ ਨੂੰ ਅਜਿਹੇ ਦਲ ਵਜੋਂ ਅਲੱਗ-ਥਲੱਗ ਕਰ ਦਿੱਤਾ ਹੈ, ਜੋ ਸਿਆਸੀ ਲਾਭ ਲਈ ਦੇਸ਼ ਦੇ ਹਿੱਤਾਂ ਦੀ ਅਣਦੇਖੀ ਕਰਦਾ ਹੈ। ਮੋਦੀ ਨੇ ਕਾਂਗਰਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਕਿਹਾ ਕਿ ਕਾਂਗਰਸ ਦੀ ਸੋਚ 2014 ਉੱਤੇਖੜੀ ਹੈ, ਉਹ ਉਸ ਤੋਂ ਬਾਹਰ ਨਿਕਲਣ ਨੂੰ ਤਿਆਰ ਨਹੀਂ ਅਤੇ ਇਸ ਦਾ ਨਤੀਜਾ ਭੁਗਤ ਰਹੀ ਹੈ। ਉਸ ਨੇ ਖ਼ੁਦ ਨੂੰ ਇਸ ਮਾਨਸਿਕ ਅਵਸਥਾਵਿੱਚ ਬੰਨ੍ਹਿਆ ਹੋਇਆ ਹੈ ਕਿ ਜਨਤਾ ਉਸ ਨੂੰ ਪਛਾਣਦੀ ਹੀ ਨਹੀਂ।

ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਵੇਲੇ ਸਦਨਵਿੱਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਜਾਂ ਰਾਹੁਲ ਗਾਂਧੀ ਮੌਜੂਦ ਨਹੀਂ ਸਨ, ਪਰ ਮੋਦੀ ਨੇ ਵਾਰ-ਵਾਰ ਕਾਂਗਰਸ ਨੂੰ ਕਿਹਾ ਕਿ ਉਹ ਆਪਣੀ ਸੋਚ ਬਦਲੇ, ਨਕਾਰਾਤਮਕਤਾਤੋਂ ਨਿਕਲੇ ਅਤੇ ਇਹ ਦੇਖਣ ਦੀ ਕੋਸ਼ਿਸ਼ ਕਰੇ ਕਿ ਬੀਤੇ ਸਾਲਾਂਵਿੱਚ ਕਈ ਖੇਤਰਾਂਵਿੱਚ ਬੁਨਿਆਦੀ ਸਥਿਤੀ ਬਦਲੀ ਹੈ। ਗ਼ਰੀਬਾਂ ਲਈ ਘਰਾਂ ਦੀ ਯੋਜਨਾ ਪਹਿਲਾਂ ਵੀ ਚੱਲਦੀ ਸੀ, ਪਰ ਰਫ਼ਤਾਰ ਉੱਤੇ ਧਿਆਨ ਅਸੀਂਦਿੱਤਾ ਹੈ। ਚੁੱਲ੍ਹੇ ਦੇ ਧੂੰਏਂ ਕਾਰਨ ਕਿਸੇ ਗ਼ਰੀਬ ਦੀ ਮਾਂ ਦੀਆਂ ਅੱਖਾਂ ਖ਼ਰਾਬ ਨਹੀਂ ਹੁੰਦੀਆਂ, ਉਨ੍ਹਾਂ ਦੇ ਘਰ ਗੈਸ ਕੁਨੈਕਸ਼ਨ ਹੈ।

## ਰਾਮ ਰਹੀਮ ਨੂੰ ਇੱਕੀ ਦਿਨ ਦੀ ਪੈਰੋਲ ਮਿਲੀ, ਸਿਰਸੇ ਡੇਰੇ ਵਿੱਚ ਪੁੱਜਾ

ਸਿਰਸਾ, 7 ਫਰਵਰੀ, (ਪੋਸਟ ਬਿਊਰੋ)- ਹਰਿਆਣਾਦੀ ਸਰਕਾਰ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਸਿੰਘ ਨੂੰ 21 ਦਿਨ ਪੈਰੋਲ ਉੱਤੇ ਬਾਹਰ ਭੇਜਣ ਦੀ ਅਰਜ਼ੀ ਮਨਜ਼ੂਰ ਕਰ ਲਈ ਹੈ।ਇਸ ਪਿੱਛੋਂ ਉਸ ਨੂੰ ਜੇਲ੍ਹਤੋਂ ਰਿਹਾਅ ਕਰ ਦਿੱਤਾ ਗਿਆ ਅਤੇ ਉਹ ਸਖ਼ਤ ਸੁਰੱਖਿਆ ਹੇਠ ਸਿਰਸਾ ਡੇਰੇ ਵਿੱਚ ਪਹੁੰਚ ਗਿਆ ਹੈ।



ਵਰਨਣ ਯੋਗ ਹੈ ਕਿ ਡੇਰਾ ਸੱਚਾ ਸੌਦਾ ਸਿਰਸਾ ਦਾ ਮੁਖੀਗੁਰਮੀਤ ਰਾਮ ਰਹੀਮ ਸਿੰਘ ਦੋ ਸਾਧਵੀਆਂ ਦੇ ਨਾਲ ਬਲਾਤਕਾਰ ਅਤੇ ਦੋ ਕਤਲ ਦੇ ਕੇਸਾਂ ਵਿੱਚ ਸਜ਼ਾ ਕਾਰਨ ਰੋਹਤਕ ਦੀ ਸੁਨਾਰੀਆ ਜੇਲ੍ਹਵਿੱਚ ਬੰਦ ਸੀ।ਉਸ ਦੀ ਪੈਰੋਲ ਦੀ ਅਰਜ਼ੀ ਮੰਨੇ ਜਾਣ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਵੇਖਿਆ ਗਿਆ ਹੈ। ਸਿਆਸੀ ਪਾਰਟੀਆਂ ਦੇ ਕਈ ਉਮੀਦਵਾਰ ਪਿਛਲੇ ਦਿਨੀਂ ਉਸ ਡੇਰੇ ਜਾ ਕੇ ਆਏ ਹਨ ਤੇ ਉਸ ਦੀ ਰਿਹਾਈ ਨਾਲ ਪੰਜਾਬ ਦੀ ਸਿਆਸਤ ਭਖ ਸਕਦੀ ਹੈ। ਰਾਮ ਰਹੀਮ ਦੀ ਪੈਰੋਲ ਉੱਤੇ ਜੇਲ੍ਹ ਤੋਂ ਰਿਹਾਈ ਪੰਜਾਬ ਦੀਆਂ ਚੋਣਾਂ ਤੋਂ 13 ਦਿਨ ਪਹਿਲਾਂ ਹੋਈ ਹੈ। ਪੰਜਾਬ ਦੇ 23 ਜ਼ਿਲ੍ਹਿਆਂਵਿੱਚ ਇਸ ਦੀ ਸੰਸਥਾ ਦੇ 300 ਵੱਡੇ ਡੇਰਿਆਂ ਦਾਸਿਆਸਤ ਵਿਚ ਸਿੱਧਾ ਦਖ਼ਲ ਹੈ। ਡੇਰਾ ਸੱਚਾ ਸੌਦਾ ਦਾ ਪੰਜਾਬ ਵਿੱਚਸਭ ਤੋਂ ਵੱਡਾ ਕੇਂਦਰ ਸਲਾਬਤਪੁਰਾ ਜ਼ਿਲ੍ਹਾਬਠਿੰਡਾ ਵਿਚ ਹੈ ਤੇ ਇਸ ਤੋਂ ਇਲਾਵਾ ਡੇਰਾ ਸੱਚਾ ਸੌਦਾ ਦੇ ਦੋ ਹੋਰ ਡੇਰੇ ਮਾਲਵਾ ਖੇਤਰਵਿੱਚ ਆਪਣਾ ਦਬਦਬਾ ਰੱਖਦੇ ਹਨ।

ਹਰਿਆਣਾ ਦੇ ਜੇਲ੍ਹ ਮੰਤਰੀ ਰਣਜੀਤ ਸਿੰਘ ਚੌਟਾਲਾ ਨੇ ਦੋ ਦਿਨ ਪਹਿਲਾਂ ਕਿਹਾ ਸੀ ਕਿ ਪੈਰੋਲ ਲੈਣਾ ਹਰ ਕੈਦੀ ਦਾ ਅਧਿਕਾਰ ਹੈ। ਇਸ ਪਿੱਛੋਂ ਰਾਮ ਰਹੀਮ ਨੂੰ 21 ਦਿਨ ਦੀ ਪੈਰੋਲ ਮਿਲ ਗਈ। ਪੈਰੋਲ ਨਾਲ ਇਕ ਸ਼ਰਤ ਹੈ ਕਿ ਉਹ 21 ਦਿਨ ਪੁਲਸ ਦੀ ਨਿਗਰਾਨੀ ਵਿੱਚ ਰਹੇਗਾ ਤੇ ਉਸ ਦਾ ਬਹੁਤਾ ਸਮਾਂ ਡੇਰੇ ਵਿੱਚ ਗੁਜ਼ਰੇਗਾ ਤੇ ਹਰਿਆਣਾ ਤੋਂ ਬਾਹਰ ਕਿਤੇ ਨਹੀਂ ਜਾਵੇਗਾ।ਸਾਧਵੀਆਂ ਨਾਲ ਸੈਕਸ ਸ਼ੋਸ਼ਣ ਵਾਲੇ ਕੇਸ ਦੀ ਸਜ਼ਾ ਕੱਟ ਰਹੇ ਡੇਰਾ ਮੁਖੀ ਨੇ 17 ਮਈ 2021 ਨੂੰ ਮਾਂ ਦੀ ਬੀਮਾਰੀ ਦੱਸ ਕੇ 21 ਦਿਨ ਦੀ ਐਮਰਜੈਂਸੀ ਪੈਰੋਲ ਮੰਗੀ ਸੀ। ਇਸ ਬੇਨਤੀ ਉੱਤੇ ਉਸਨੂੰ 21 ਮਈ 2021 ਨੂੰ 12 ਘੰਟੇ ਦੀ ਪੈਰੋਲ ਮਿਲੀ ਸੀ। ਇਸ ਤਰ੍ਹਾਂ ਰਾਮ ਰਹੀਮ ਨੂੰ ਇਹ ਦੂਸਰੀ ਵਾਰ ਜੇਲ੍ਹਤੋਂ ਰਿਹਾਈ ਮਿਲੀ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਦੋਸ਼: ਰਾਮ ਰਹੀਮ ਦੀ ਫਰਲੋ ਨਾਲ ਪੰਜਾਬ ਦਾ ਮਾਹੌਲ ਵਿਗਾੜਨਾ ਚਾਹੁੰਦੀ ਹੈ ਭਾਜਪਾ

*** ਛਤਰਪਤੀ ਦੇ ਪੁੱਤਰ ਨੇ ਕਿਹਾ: ਮੈਂ ਪੈਰੋਲ ਨੂੰ ਚੁਣੌਤੀ ਦੇਵਾਂਗਾ**

ਅੰਮ੍ਰਿਤਸਰ, 7 ਫਰਵਰੀ, (ਪੋਸਟ ਬਿਊਰੋ)- ਹਰਿਆਣਾ ਦੀ ਰੋਹਤਕ ਜੇਲ੍ਹ ਵਿੱਚ ਕੈਦ ਕੱਟਦੇ ਹੋਏਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਹਰਿਆਣਾ ਸਰਕਾਰ ਵੱਲੋਂ 21 ਦਿਨਾਂ ਦੀ ਫਰਲੋ ਉੱਤੇ ਜੇਲ੍ਹ ਵਿੱਚੋਂ ਕੱਢਣ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਿੱਖਾ ਪ੍ਰਤੀਕਰਮ ਦੱਤਾ ਅਤੇਨੂੰ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਵਿੱਚ ਚੋਣਾਂ ਵਿੱਚ ਲਾਭ ਲੈਣ ਦੀ ਸਿਆਸੀ ਸਾਜ਼ਿਸ਼ ਕਰਾਰ ਦਿੱਤਾ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਡੇਰਾ ਸੱਚਾਸੌਦਾ ਦੇ ਮੁਖੀ ਰਾਮ ਰਹੀਮ ਨੂੰ 21 ਦਿਨਾਂ ਲਈ ਜੇਲ੍ਹ ਤੋਂ ਛੱਡਣਾ ਸੋਚੀ ਸਮਝੀ ਸਾਜ਼ਿਸ਼ ਤੇ ਪੰਜਾਬ ਚੋਣਾਂ ਦੌਰਾਨ ਇਹ ਫੈਸਲਾ ਨਿਰੋਲ ਸਿਆਸਤ ਤੋਂ ਪ੍ਰੇਰਿਤ ਹੈ।ਉਨ੍ਹਾਂ ਕਿਹਾ ਕਿ ਰਾਮ ਰਹੀਮ ਦੀ ਇਹ ਛੁੱਟੀ ਤੁਰੰਤ ਖਤਮ ਕਰ ਦਿੱਤੀ ਜਾਵੇ।ਧਾਮੀ ਨੇ ਕਿਹਾ ਕਿ ਰਾਮ ਰਹੀਮ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਹੋਣ ਦੇ ਨਾਲਸਾਲ 2015 ਵਿੱਚ ਪੰਜਾਬ ਦੇ ਬਰਗਾੜੀ ਵਿੱਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿੱਚ ਉਸਦੀ ਭੂਮਿਕਾ ਹੈ ਤੇ ਉਸ ਦੀਆਂ ਸਰਗਰਮੀਆਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਵਾਲੀਆਂ ਹਨ।

ਦੂਸਰੇ ਪਾਸੇ ਸਿਰਸਾ ਵਿੱਚ ਮਾਰੇ ਗਏ ਪੱਤਰਕਾਰ ਰਾਮਚੰਦਰ ਛਤਰਪਤੀ, ਜਿਸ ਦੇ ਕਤਲ ਬਦਲੇ ਸਿਰਸਾ ਡੇਰੇ ਦਾ ਮੁਖੀ ਰਾਮ ਰਹੀਮ ਕੈਦ ਕੱਟ ਰਿਹਾ ਹੈ, ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਕਿਹਾ ਹੈ ਕਿ ਗੰਦੀ ਰਾਜਨੀਤੀ ਲਈ ਇੱਕ ਅਪਰਾਧੀ ਨੂੰ ਲਾਭ ਪੁਚਾਇਆ ਜਾ ਰਿਹਾ ਹੈ, ਜਿਸ ਵਿਰੁੱਧ ਉਹ ਹਾਈਕੋਰਟ ਵਿੱਚਅਰਜ਼ੀਪੇਸ਼ ਕਰ ਕੇ ਇਸ ਨੂੰ ਰੱਦ ਕਰਨ ਦੀ ਮੰਗ ਕਰਨਗੇ। ਅੰਸ਼ੁਲ ਛਤਰਪਤੀ ਨੇ ਕਿਹਾ ਕਿ ਸਰਕਾਰ ਉਨ੍ਹਾਂ ਹਾਲਾਤਾਂ ਨੂੰ ਕਿਉਂ ਭੁੱਲਦੀ ਹੈ, ਜਦੋਂ ਸੀ ਬੀ ਆਈ ਕੋਰਟਪੰਚਕੂਲਾ ਵਿੱਚ ਪੇਸ਼ ਹੋਣ ਉੱਤੇਹਾਲਾਤ ਭੜਕੇ, ਕਿੰਨੀਆਂ ਮੌਤਾਂ ਹੋਣ ਤੋਂ ਇਲਾਵਾ ਜਨਤਕ ਜਾਇਦਾਦਾਂ ਸਾੜੀਆਂ ਗਈਆਂ ਤੇ ਬੜੀ ਮੁਸ਼ਕਲ ਨਾਲ ਡੇਰਾ ਮੁਖੀ ਨੂੰ ਸੀਖਾਂ ਪਿੱਛੇ ਸੁੱਟਿਆ ਗਿਆ ਸੀ, ਸਰਕਾਰ ਉਸੇ ਵਿਅਕਤੀ ਨੂੰ ਬਾਹਰ ਕੱਢ ਕੇ ਸਮਾਜ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੀ ਹੈ। ਅੰਸ਼ੁਲ ਨੇ ਕਿਹਾ ਕਿ ਸਭ ਨੂੰ ਪਤਾ ਹੈ ਕਿ ਇਸ ਦੇ ਜ਼ਿੰਮੇਵਾਰ ਕੌਣ ਹਨ ਅਤੇ ਅਜਿਹੇ ਸਿਆਸੀ ਫ਼ੈਸਲਿਆਂ ਦਾ ਸਭ ਨੂੰ ਵਿਰੋਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਗੰਦੀ ਸਿਆਸਤ ਬੰਦ ਹੋਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਇਸ ਤੋਂ ਬਾਜ਼ ਆਉਣਾ ਚਾਹੀਦਾ ਹੈ।

## ਈ ਡੀ ਵੱਲੋਂ ਦਾਅਵਾ: ਮੁੱਖ ਮੰਤਰੀ ਚੰਨੀ ਦੇ ਭਾਣਜੇ ਨੇ ਮਾਈਨਿੰਗ ਤੋਂ 10 ਕਰੋੜ ਦੀ ਕਮਾਈ ਕੀਤੀ ਮੰਨ ਲਈ

ਜਲੰਧਰ, 7 ਫਰਵਰੀ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅੱਜ ਸੋਮਵਾਰ ਨੂੰ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਗ੍ਰਿਫਤਾਰ ਕੀਤੇ ਭਾਣਜੇ (ਸਾਲੀ ਦੇ ਪੁੱਤਰ) ਭੁਪਿੰਦਰ ਸਿੰਘ ਉਰਫ ਹਨੀ ਨੇ ਮੰਨ ਲਿਆ ਹੈ ਕਿ ਉਸ ਨੇ ਇਸ ਸਰਹੱਦੀ ਰਾਜਵਿੱਚ ਰੇਤ ਦੀ ਖੁਦਾਈ ਵਾਲੇ ਕੰਮ ਵਿੱਚ ਮਦਦ ਕਰਨ ਅਤੇ ਅਫਸਰਾਂ ਦੇ ਤਬਾਦਲਿਆਂ ਲਈ 10 ਕਰੋੜ ਰੁਪਏ ਨਕਦ ਕਮਾਏ ਸਨ।ਇਸ ਦਾਅਵੇ ਤੋਂ ਬਾਅਦ ਚੋਣਾਂ ਦੇ ਦੌਰਾਨ ਮੁੱਖ ਮੰਤਰੀ ਚੰਨੀ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

ਵਰਨਣ ਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇਸ ਮੁੱਦੇ ਕਾਰਨ ਪਹਿਲਾਂ ਹੀ ਵਿਰੋਧੀ ਸਿਆਸੀ ਪਾਰਟੀਆਂ ਦੇ ਨਿਸ਼ਾਨੇ ਉੱਤੇ ਹਨ। ਵਿਰੋਧੀ ਧਿਰਾਂ ਦੇ ਆਗੂ ਅੱਜ ਕੀਤੇ ਗਏਈ ਡੀ ਦੇਇਸ ਖੁਲਾਸੇ ਕਾਰਨ ਨਾਜਾਇਜ਼ ਮਾਈਨਿੰਗ ਧੰਦੇ ਨੂੰ ਸਿੱਧਾ ਚੰਨੀ ਨਾਲ ਜੋੜ ਸਕਦੇ ਹਨ। ਈ ਡੀਦਾ ਦਾਅਵਾ ਹੈ ਕਿ ਭੁਪਿੰਦਰ ਸਿੰਘ ਹਨੀ ਨੇ ਮੰਨਿਆ ਹੈ ਕਿ ਉਸ ਨੂੰ ਰੇਤ ਮਾਈਨਿੰਗ ਦੇ ਕੰਮ ਵਿੱਚ ਮਦਦ ਕਰਨ ਤੇ ਅਫਸਰਾਂ ਦੇ ਤਬਾਦਲੇ/ਤਾਇਨਾਤੀਆਂ ਦੇ ਬਦਲੇ ਨਕਦੀ ਮਿਲੀ ਸੀ।ਉਸ ਨੂੰ ਕੁਝ ਦਸਤਾਵੇਜ਼ਾਂ ਸਮੇਤ 3 ਫਰਵਰੀ ਨੂੰ ਏਜੰਸੀ ਸਾਹਮਣੇ ਨਿੱਜੀ ਤੌਰ ਉੱਤੇ ਪੇਸ਼ੀ ਲਈ ਸੰਮਨ ਭੇਜਿਆ ਗਿਆ ਸੀ।ਜਦੋਂ ਉਹ ਪੇਸ਼ ਹੋਇਆ ਤਾਂ ਉਸ ਨੇ ਮੰਨਿਆ ਕਿ ਉਹ ਮਾਈਨਿੰਗ ਦੇ ਕੰਮਾਂ ਵਿੱਚ ਸ਼ਾਮਲ ਸੀ, ਪਰ ਉਹ ਇਤਰਾਜ਼ਯੋਗ ਡੇਟਾ ਬਾਰੇ ਸਪੱਸ਼ਟੀਕਰਨ ਦੇਣ ਤੋਂ ਅਸਮਰੱਥ ਰਿਹਾ।

## ਐਫ ਪੀ ਆਈ ਨੇ ਫਰਵਰੀ ਵਿੱਚ ਭਾਰਤੀ ਬਾਜ਼ਾਰਾਂ ਤੋਂ 6,834 ਕਰੋੜ ਰੁਪਏ ਕੱਢੇ

ਨਵੀਂ ਦਿੱਲੀ, 7 ਫਰਵਰੀ (ਪੋਸਟ ਬਿਊਰੋ)- ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ ਨੇ ਬੀਤੇ ਫਰਵਰੀ ਦੇ ਪਹਿਲੇ ਚਾਰ ਕਾਰੋਬਾਰੀ ਸੈਸ਼ਨਾਂ ਵਿੱਚ ਭਾਰਤੀ ਬਾਜ਼ਾਰਾਂ ਤੋਂ 6,834 ਕਰੋੜ ਰੁਪਏ ਦੀ ਨਿਕਾਸੀ ਕੀਤੀ ਹੈ।

ਡਿਪਾਜ਼ਟਰੀ ਦੇ ਅੰਕੜਿਆਂ ਅਨੁਸਾਰ ਐਫ ਪੀ ਆਈ ਨੇ ਇਸ ਦੌਰਾਨ ਸ਼ੇਅਰਾਂ ਤੋਂ 3,627 ਕਰੋੜ ਰੁਪਏ ਹੋਰ ਕਰਜ਼ਾਂ ਜਾਂ ਬਾਂਡ ਬਾਜ਼ਾਰ ਤੋਂ 3,173 ਕਰੋੜ ਰੁਪਏ ਕੱਢੇ ਹਨ। ਇਸ ਤੋਂ ਪਹਿਲਾਂ ਲਗਾਤਾਰ ਚਾਰ ਮਹੀਨਿਆਂ ਤੋਂ ਐਫ ਪੀ ਆਈ ਸ਼ੁੱਧ ਬਿਕਵਾਲੀ ਕਰਦੇ ਰਹੇ ਹਨ। ਮਾਰਨਿੰਗਸਟਾਰ ਇੰਡੀਆ ਦੇ ਐਸੋਸੀਏਟ ਡਾਇਰੈਕਟਰ ਮੈਨੇਜਰ ਜਾਂਚ ਹਿਮਾਂਸ਼ੂ ਸ਼੍ਰੀਵਾਸਤਵ ਨੇ ਕਿਹਾ,"ਅਮਰੀਕੀ ਫੈਡਰਲ ਰਿਜ਼ਰਵ ਨੇ ਬੇਹੱਦ ਨਰਮ ਕਰੰਸੀ ਨੀਤੀ ਰੁਖ ਖਤਮ ਕਰਨ ਦਾ ਸੰਕੇਤ ਦਿੱਤਾ ਹੈ। ਉਸ ਤੋਂ ਬਾਅਦ ਐਫ ਪੀ ਆਈ ਦੀ ਬਿਕਵਾਲੀ ਕਾਫੀ ਤੇਜ਼ੀ ਨਾਲ ਵਧੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਵਿਆਜ ਦਰਾਂ ਵਿੱਚ ਵਾਧੇ ਦੀ ਆਸ ਵਿੱਚ ਕੌਮਾਂਤਰੀ ਪੱਧਰ ਉਤੇ ਬਾਂਡ ਯੀਲਡ ਵਧਿਆ ਹੈ। ਇਸ ਦੌਰਾਨ ਨਿਵੇਸ਼ਕ ਜੋਖਮ ਵਾਲੀਆਂ ਜਾਇਦਾਦਾਂ ਵਿੱਚ ਨਿਵੇਸ਼ ਘਟੇ ਹਨ ਅਤੇ ਸੋਨੇ ਵਰਗੇ ਨਿਵੇਸ਼ 'ਤੇ ਸੁਰੱਖਿਅਤ ਪਨਾਹਗਾਹ ਵੱਲ ਰੁਖ ਕਰ ਰਹੇ ਹਨ। ਸ਼੍ਰੀਵਾਸਤਵ ਨੇ ਕਿਹਾ ਕਿ ਘਰੇਲੂ ਮੋਰਚੇ ਉਤੇ ਕੇਂਦਰਿਤ ਬਜਟ ਦੇ ਨਾਲ ਨਿਕਾਸੀ ਉਤੇ ਕੁਝ ਰੋਕ ਲੱਗੀ ਹੈ ਪਰ ਬਜਟ ਦੇ ਵਿਦੇਸ਼ੀ ਫੰਡਾਂ ਦੇ ਪ੍ਰਵਾਹ ਉਤੇ ਅਸਰ ਦਾ ਅਨੁਮਾਨ ਅਗਲੇ ਹਫ਼ਤਿਆਂ ਵਿੱਚ ਸਪੱਸ਼ਟ ਹੋ ਸਕੇਗਾ।ਜਿਓਜੀਤ ਫ਼ਾਈਨਾਂਸ਼ੀਅਲ ਸਰਵਿਸਿਜ਼ ਦੇ ਮੁੱਖ ਨਿਵੇਸ਼ ਰਣਨੀਤੀਕਾਰ ਵੀ ਕੇ ਵਿਜੈਕੁਮਾਰ ਨੇ ਕਿਹਾ,"ਐਫ ਪੀ ਆਈ ਨੇ ਬੈਂਕ ਅਤੇ ਆਈ ਟੀ ਸ਼ੇਅਰਾਂ ਵਿੱਚ ਭਾਰੀ ਬਿਕਵਾਲੀ ਕੀਤੀ ਹੈ, ਉਥੇ ਹੀ ਉਨ੍ਹਾਂ ਨੇ ਧਾਤੂ ਸ਼ੇਅਰਾਂ ਵਿੱਚ ਲਿਵਾਲੀ ਕੀਤੀ ਹੈ। ਕੋਟਕ ਸਕਿਓਰਿਟੀਜ਼ ਦੇ ਇਕਵਿਟੀ ਸੋਧ (ਪ੍ਰਚੂਨ) ਪ੍ਰਮੁੱਖ ਸ਼੍ਰੀਕਾਂਤ ਚੌਹਾਨ ਨੇ ਕਿਹਾ,"ਉਚੀ ਮਹਿੰਗਾਈ ਅਤੇ ਅਗਲੇ ਮਹੀਨੇ ਵਿੱਚ ਅਮਰੀਕੀ ਕੇਂਦਰੀ ਬੈਂਕ ਵੱਲੋਂ ਵਿਆਜ ਦਰਾਂ ਵਿੱਚ ਵਾਧੇ ਦੀ ਸੰਭਾਵਨਾ ਦੌਰਾਨ ਸ਼ੇਅਰ ਬਾਜ਼ਾਰਾਂ ਵਿੱਚ ਕਾਫ਼ੀ ਉਤਾਰ-ਚੜ੍ਹਾਅ ਬਣਿਆ ਰਹੇਗਾ।

## ਧਰਮ ਪਰਿਵਰਤਨ ਮਾਮਲੇ ਵਿੱਚ ਦੋ ਜਣੇ ਗ੍ਰਿਫਤਾਰ, ਕੇਸ ਦਰਜ

ਆਜ਼ਮਗੜ੍ਹ, 7 ਫਰਵਰੀ (ਪੋਸਟ ਬਿਊਰੋ)- ਆਜ਼ਮਗੜ੍ਹ ਜ਼ਿਲ੍ਹੇ ਵਿੱਚ ਧਰਮ ਪਰਿਵਰਤਨ ਕਰਾਉਣ ਦੇ ਦੋਸ਼ ਹੇਠ ਇਸ ਜ਼ਿਲ੍ਹੇ ਦੇ ਕੋਤਵਾਲੀ ਥਾਣਾ ਖੇਤਰ ਵਿੱਚਪੁਲਸ ਨੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੋਵਾਂ ਦੀ ਪਛਾਣ ਵਿਜੇ ਵਿਸ਼ਵਕਰਮਾ ਅਤੇ ਰਮੇਸ਼ ਵਰਮਾ ਦੇ ਰੂਪ ਵਿੱਚ ਹੋਈ ਹੈ। ਉਨ੍ਹਾਂ ਦੇ ਕਬਜ਼ੇ ਵਿੱਚੋਂ ਬਾਈਬਲ ਦੀਆਂ ਕਿਤਾਬਾਂਅਤੇ ਸਾਹਿਤ ਵੀ ਬਰਾਮਦ ਹੋਇਆ ਹੈ। ਪੁਲਸ ਦੋਸ਼ੀਆਂ ਖਿਲਾਫ ਕੇਸ ਦਰਜ ਕਰ ਰਹੀ ਹੈ।

ਹਿੰਦੂ ਜਾਗਰਣ ਮੰਚ ਦੇ ਵਿਪਨ ਸਿੰਘ ਨੇ ਦੱਸਿਆ ਕਿ ਅਸੀਂ ਲੋਕ ਉਸ ਪਾਸਿਉਂ ਲੰਘ ਰਹੇ ਸੀ, ਜਿੱਥੇ ਇੱਕ ਕਮਰੇ ਵਿੱਚ ਲਗਭਗ ਪੰਜਾਹ ਔਰਤਾਂ ਤੇ ਮਰਦਾਂ ਨੂੰ ਇਕੱਠਾ ਕਰ ਕੇ ਉਨ੍ਹਾਂ ਦਾ ਬ੍ਰੇਨ ਵਾਸ਼ ਕੀਤਾ ਜਾ ਰਿਹਾ ਸੀ। ਹਾਜ਼ਰ ਲੋਕਾਂ ਨੂੰ ਸਮਝਾਇਆ ਜਾ ਰਿਹਾ ਸੀ ਕਿ ਜੇ ਤੁਸੀਂ ਲੋਕ ਪਰਮੇਸ਼ਵਰ ਨੂੰ ਅਪਣਾਓਗੇ ਤਾਂ ਤੁਹਾਡੇ ਲੋਕਾਂ ਕੋਲ ਪੈਸਾ, ਖੁਸ਼ਹਾਲੀ ਆਏਗੀ। ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਸੀ ਅਤੇ ਪੁਲਸ ਨੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ।ਵਿਪਨ ਸਿੰਘ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਵੀ ਜ਼ਿਲ੍ਹੇ ਵਿੱਚ ਕਈ ਥਾਂ ਧਰਮ ਪਰਿਵਰਤਨ ਦੀਆਂ ਖਬਰਾਂ ਮਿਲ ਰਹੀਆਂ ਹਨ, ਜਿਨ੍ਹਾਂ ਦਾ ਖੁਲਾਸਾ ਅਸੀਂ ਕੀਤਾ ਹੈ। ਇਹ ਲੋਕ ਭੋਲੀ ਜਨਤਾ ਨੂੰ ਵਰਗਲਾ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਾ ਰਹੇ ਹਨ। ਪੁਲਸ ਨੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਵਾਂ ਦੀ ਪਛਾਣ ਹੋ ਗਈ ਹੈ। ਇਨ੍ਹਾਂ ਵਿੱਚੋਂ ਇੱਕ ਵਿਜੇ ਵਿਸ਼ਵਕਰਮਾ ਸਿਧਾਰੀ ਥਾਣਾ ਖੇਤਰ ਦਾ ਰਹਿਣ ਵਾਲਾ ਹੈ।













## ਅੱਜ ਨਾਮਾ

ਭਖ ਪਈ ਪੂਰੀ ਮੁਹਿੰਮ ਜਦ ਚੋਣ ਵਾਲੀ,
ਵਧਦਾ ਜਾ ਰਿਹਾ ਥਾਂਉਂ-ਥਾਂ ਜੋਸ਼ ਮੀਆਂ।
ਜ਼ਿਆਦਾ ਆਗੂਆਂ ਤੋਂ ਜੋਸ਼ ਵਰਕਰਾਂ ਦਾ,
ਨਹੀਂ ਹੈ ਸੌਣ-ਨਹਾਉਣ ਦੀ ਹੋਸ਼ ਮੀਆਂ।
ਨਿੰਦਣ ਲੱਗੇ ਨੇ ਵਰਕਰ ਵਿਰੋਧੀਆਂ ਨੂੰ,
ਘੜ-ਘੜ ਲਾਂਵਦੇ ਪੱਲਿਉਂ ਦੋਸ਼ ਮੀਆਂ।
ਲਾਏ ਦੋਸ਼ਾਂ ਦੇ ਅਰਥ ਸਮਝਾਏ ਜਿਹੜਾ,
ਲੱਭਿਆ ਏਦਾਂ ਦਾ ਕਿਤੇ ਨਾ ਕੋਸ਼ ਮੀਆਂ।
ਛਿੱਕਾ ਸ਼ਰਮ ਦਾ ਮੂਲੋਂ ਈ ਪਿਆ ਲਾਹਿਆ,
ਕਰਿਆ ਕਈਆਂ ਨੂੰ ਚੋਣਾਂ ਬੇਸ਼ਰਮ ਮੀਆਂ।
ਜਿਸ ਨੇ ਆਉਣਾ ਹੈ ਆਖਰ ਨੂੰ ਥਾਂ ਪੰਜਵੀਂ,
ਯਕੀਨੀ ਜਿੱਤ ਦਾ ਉਹਨੂੰ ਵੀ ਭਰਮ ਮੀਆਂ।

**ਤੀਸ ਮਾਰ ਖਾਂ**

# ਮਸ਼ਹੂਰ ਪੰਜਾਬੀ ਅਦਾਕਾਰਾ ਮਾਹੀ ਗਿੱਲ ਤੇ ਅਦਾਕਾਰ ਹੋਬੀ ਧਾਲੀਵਾਲ ਭਾਜਪਾ ਵਿੱਚ ਸ਼ਾਮਲ

### * ਪਹਿਲਾਂ ਹੋਬੀ ਧਾਲੀਵਾਲ ਨੇ ਮੋਦੀ ਨੂੰ ਬੋਲ-ਕੁਬੋਲ ਵੀ ਥੋੜ੍ਹੇ ਨਹੀਂ ਸੀ ਬੋਲੇ



ਚੰਡੀਗੜ੍ਹ, 7 ਫਰਵਰੀ, (ਪੋਸਟ ਬਿਊਰੋ)- ਪੰਜਾਬੀ ਅਦਾਕਾਰ ਹੋਬੀ ਧਾਲੀਵਾਲ ਅੱਜ ਭਾਜਪਾਵਿੱਚ ਸ਼ਾਮਲ ਹੋਏ ਤਾਂ ਉਨ੍ਹਾ ਨਾਲ ਮਸ਼ਹੂਰ ਅਦਾਕਾਰਾ ਮਾਹੀ ਗਿੱਲ ਵੀ ਭਾਜਪਾ ਵਿੱਚ ਸ਼ਾਮਲ ਹੋ ਗਈ। ਹਰਿਆਣਾ ਦੇਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਦੋਵਾਂ ਦਾ ਪਾਰਟੀ ਵਿੱਚ ਰਸਮੀਸਵਾਗਤ ਕੀਤਾ ਹੈ।

ਵਰਨਣ ਯੋਗ ਹੈ ਕਿ ਹੋਬੀ ਧਾਲੀਵਾਲ ਨੇ ਭਾਜਪਾਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਇਕ ਇੰਟਰਵਿਊ ਵਿੱਚ ਕਿਹਾ ਸੀ ਕਿ ਉਹ ਤਿੰਨ ਖੇਤੀ ਕਾਨੂੰਨ ਵਾਪਸ ਹੋਣ ਤੋਂ ਬਾਅਦ ਭਾਜਪਾ ਦੀ ਵਿਚਾਰਧਾਰਾ ਨਾਲ ਜੁੜੇ ਹਨ।ਉਨ੍ਹਾ ਨੇ ਕਿਹਾ ਕਿ ਅਸੀਂ ਕਦੇ ਭਾਜਪਾ ਦੀ ਸੋਚ ਨੂੰ ਨੇੜਿਓਂ ਤੱਕਿਆ ਹੀ ਨਹੀਂ। ਇਸ ਮੌਕੇ ਪੰਜਾਬ ਭਾਜਪਾ ਦੇ ਚੋਣ ਇੰਚਾਰਜ ਤੇ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ, ਪੰਜਾਬ ਦੇ ਇੰਚਾਰਜ ਦੁਸ਼ਯੰਤ ਗੌਤਮ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਭਾਜਪਾ ਹੌਲੀ-ਹੌਲੀ ਹਰ ਰਾਜਵਿੱਚ ਅੱਗੇ ਵੱਧ ਰਹੀ ਹੈਅਤੇ ਹਰ ਸਮਝਦਾਰ ਵਿਅਕਤੀਇਸ ਦੀ ਮਜ਼ਬੂਤੀ ਲਈ ਇਸ ਨਾਲ ਜੁੜ ਕੇ ਇਸ ਦੀ ਤਰੱਕੀ ਲਈ ਕੰਮ ਕਰ ਰਿਹਾ ਹੈ।

ਅੱਜ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਹੋਬੀ ਧਾਲੀਵਾਲ ਦੀ ਪੁਰਾਣੀ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿੱਚ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫਬੋਲ ਰਹੇ ਹਨ। ਸ਼ਾਇਦ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਇੰਨਾ ਵਿਰੋਧ ਕਰਨ ਪਿੱਛੋਂਉਹ ਭਾਜਪਾ ਵਿੱਚ ਸ਼ਾਮਲ ਹੋਣਗੇ। ਵੀਡੀਓਵਿੱਚ ਹੋਬੀ ਧਾਲੀਵਾਲ ਪ੍ਰਧਾਨ ਮੰਤਰੀ ਮੋਦੀ ਦੀ ਪੜ੍ਹਾਈ ਬਾਰੇ ਸਵਾਲ ਚੁੱਕਦੇ ਅਤੇ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਡਿਗਰੀਆਂ ਨਕਲੀ ਹਨ। ਇਸ ਦੇ ਨਾਲ ਨਰਿੰਦਰ ਮੋਦੀ ਵਲੋਂ ਚਾਹ ਵੇਚਣ ਦਾ ਵੀ ਹੋਬੀ ਧਾਲੀਵਾਲ ਮਜ਼ਾਕ ਉਡਾ ਰਹੇ ਹਨ। ਹੋਬੀ ਧਾਲੀਵਾਲ ਵੀਡੀਓਵਿੱਚਤਿੰਨ ਖੇਤੀ ਕਾਨੂੰਨਾਂ ਬਾਰੇ ਕਹਿੰਦੇ ਹਨ ਕਿ 'ਤੁਸੀਂ ਸਾਨੂੰ ਖੇਤੀ ਕਾਨੂੰਨਾਂ ਦੇ ਲਾਭ ਗਿਣਾਓ, ਅਸੀਂ ਤੁਹਾਨੂੰ ਨੁਕਸਾਨ ਗਿਣਾਉਂਦੇ ਹਾਂ। ਜੇ ਤੁਸੀਂ ਸਾਨੂੰ ਲਾਭ ਦੱਸਣਵਿੱਚ ਸਫਲ ਰਹੇ ਤਾਂ ਅਸੀਂ ਖੇਤੀ ਕਾਨੂੰਨ ਮੰਨ ਲਵਾਂਗੇ ਤੇ ਜੇ ਅਸੀਂ ਨੁਕਸਾਨ ਗਿਣਾਉਣਵਿੱਚ ਸਫਲ ਰਹੇ ਤਾਂ ਤੁਸੀਂ ਇਹ ਖੇਤੀ ਕਾਨੂੰਨ ਰੱਦ ਕਰ ਦਿਓ।'

# ਹਸਪਤਾਲ ਨੇ ਕਿਹਾ : ਮ੍ਰਿਤਕ ਦੇ ਸੁਰੱਖਿਅਤ ਵੀਰਜ ਨੂੰ ਮਾਤਾ-ਪਿਤਾ ਅਤੇ ਵਾਰਸ ਨੂੰ ਜਾਰੀ ਕਰਨ ਦਾ ਕੋਈ ਕਾਨੂੰਨ ਨਹੀਂ

ਨਵੀਂ ਦਿੱਲੀ, 7 ਫਰਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਵਿੱਚ ਦਿੱਲੀ ਦੇ ਇੱਕ ਹਸਪਤਾਲ ਨੇ ਕਿਹਾ ਹੈ ਕਿ ਕਿਸੇ ਕੁਆਰੇ ਮ੍ਰਿਤਕ ਵਿਅਕਤੀ ਦੇ ਸੰਭਾਲ ਕੇ ਰੱਖੇ ਵੀਰਜ ਦੇ ਨਮੂਨੇ ਨੂੰ ਉਸ ਦੇ ਮਾਤਾ-ਪਿਤਾ ਜਾਂ ਕਾਨੂੰਨੀ ਵਾਰਸਾਂ ਨੂੰ ਜਾਰੀ ਕਰਨ ਦਾ ਭਾਰਤ ਵਿੱਚ ਕੋਈ ਕਾਨੂੰਨ ਨਹੀਂ ਹੈ।

ਸਰ ਗੰਗਾਰਾਮ ਹਸਪਤਾਲ ਨੇ ਹਾਈ ਕੋਰਟ ਦੇ ਸਾਹਮਣੇ ਦਾਇਰ ਐਫੀਡੇਵਿਟ ਵਿੱਚ ਕਿਹਾ ਕਿ ਕੇਂਦਰ ਸਰਕਾਰ ਦੇ ਗਜ਼ਟ ਵਿੱਚ ਸਹਾਇਕ ਜਣੇਪਾ ਟ੍ਰਿਬਿਊਨਲ (ਏ ਆਰ ਟੀ) ਐਕਟ ਇੱਕ ਕੁਆਰੇ ਵਿਅਕਤੀ ਦੇ ਵੀਰਜ ਦੇ ਨਮੂਨੇ ਦੇ ਨਿਪਟਾਰੇ ਜਾਂ ਵਰਤੋਂ ਦੀ ਪ੍ਰਕਿਰਿਆ ਨੂੰ ਸਪੱਸ਼ਟ ਹੀ ਨਹੀਂ ਕਰਦਾ, ਜਿਸ ਦੀ ਮੌਤ ਹੋ ਚੁੱਕੀ ਹੈ। ਹਸਪਤਾਲ ਦੀ ਪ੍ਰਤੀਕਿਰਿਆ ਇੱਕ ਪਤੀ-ਪਤਨੀ ਦੀ ਪਟੀਸ਼ਨ ਉੱਤੇ ਆਈ ਹੈ ਜਿਸ ਵਿੱਚ ਸਰ ਗੰਗਾਰਾਮ ਹਸਪਤਾਲ ਦੇ ਇੱਕ ਸੈਂਟਰ ਨੂੰ ਆਪਣੇ ਮ੍ਰਿਤਕ ਬੇਟੇ ਦੇ ਸੰਭਾਲ ਕੇ ਰੱਖੇ ਵੀਰਜ ਦੇ ਨਮੂਨੇ ਨੂੰ ਜਾਰੀ ਕਰਨ ਦਾ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਗਈ ਹੈ। ਹਾਈ ਕੋਰਟ ਨੇ ਪਿਛਲੇ ਸਾਲ ਦਸੰਬਰ ਵਿੱਚ ਪਟੀਸ਼ਨ ਉੱਤੇ ਹਸਪਤਾਲ ਅਤੇ ਦਿੱਲੀ ਸਰਕਾਰ ਕੋਲੋਂ ਜਵਾਬ ਮੰਗਿਆ ਸੀ। ਇਸ ਕੇਸ ਵਿੱਚ ਪਟੀਸ਼ਨਰਾਂ ਦੇ ਕੈਂਸਰ ਤੋਂ ਪੀੜਤ ਕੁਆਰੇ ਬੇਟੇ ਨੇ ਕੀਮੋਥੈਰੇਪੀ ਸ਼ੁਰੂ ਹੋਣ ਤੋਂ ਪਹਿਲਾਂ 2020 ਵਿੱਚ ਆਪਣੇ ਵੀਰਜ ਦੇ ਨਮੂਨੇ ਨੂੰ ਸੰਭਾਲ ਲਿਆ ਸੀ।ਪਟੀਸ਼ਨਰਾਂ ਨੇ ਕਿਹਾ ਕਿ 30 ਸਾਲ ਦੀ ਉਮਰ ਵਿੱਚ ਮਰੇ ਆਪਣੇ ਬੇਟੇ ਦੇ ਇੱਕੋ-ਇੱਕ ਜ਼ਿੰਦਾ ਜਾਨਸ਼ੀਨ ਹੋਣ ਦੇ ਨਾਤੇ ਬੇਟੇ ਦੇ ਸਰੀਰ ਦੇ ਕਿਸੇ ਸੁਰੱਖਿਅਤ ਅੰਗ ਜਾਂ ਹੋਰ ਵਸਤੂ ਉੱਤੇ ਉਨ੍ਹਾਂ ਦਾ ਸਭ ਤੋਂ ਵੱਡਾ ਹੱਕ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਸ਼ੁਕਰਾਣੂ ਹਾਸਲ ਕਰਨ ਦਾ ਮੰਤਵ ਆਪਣੇ ਮ੍ਰਿਤਕ ਬੇਟੇ ਦੇ ਖਾਨਦਾਨ ਨੂੰ ਜਾਰੀ ਰੱਖਣਾ ਹੈ।

# ਨੌਜਵਾਨ ਨੇ ਰਾਹੁਲ ਦੇ ਮੂੰਹ ਉਤੇ ਕਾਂਗਰਸ ਦਾ ਝੰਡਾ ਮਾਰਿਆ





### * ਬਾਅਦ ਵਿੱਚ ਮੁਆਫੀ ਮੰਗ ਕੇ ਜਾਨ ਛੁਡਾਈ

ਗੁਰੂਸਰ ਸੁਧਾਰ, 7 ਫਰਵਰੀ (ਪੋਸਟ ਬਿਊਰੋ)- ਇੱਥੇ ਕੱਲ੍ਹ ਦੁਪਹਿਰੇ ਭਾਰਤੀ ਹਵਾਈ ਫੌਜ ਦੇ ਹਲਵਾਰਾ ਹਵਾਈ ਅੱਡੇ ਤੋਂ ਲੁਧਿਆਣਾ ਜਾ ਰਿਹਾ ਕੁੱਲ ਹਿੰਦ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦਾ ਕਾਫਲਾ ਜਦੋਂ ਲੁਧਿਆਣਾ-ਫਿਰੋਜ਼ਪੁਰ ਹਾਈਵੇ ਉੱਤੇ ਇੱਕ ਪੈਲੇਸ ਨੇੜੇ ਗਿਆ ਤਾਂ ਉਨ੍ਹਾਂ ਦੇ ਸਵਾਗਤ ਲਈ ਖੜ੍ਹੇ ਕੁਝ ਨੌਜਵਾਨਾਂ ਨੇ ਨਾਅਰੇਬਾਜ਼ੀ ਕੀਤੀ ਅਤੇ ਇੱਕ ਨੌਜਵਾਨ ਨੇ ਪਾਰਟੀ ਦਾ ਝੰਡਾ ਰਾਹੁਲ ਗਾਂਧੀ ਦੇ ਮੂੰਹ ਉੱਤੇ ਮਾਰ ਦਿੱਤਾ। ਇਸ ਉੱਤੇ ਰਾਹੁਲ ਗਾਂਧੀ ਘਬਰਾ ਗਏ, ਪਰ ਉਨ੍ਹਾਂ ਦਾ ਕਾਫਲਾ ਬਿਨਾਂ ਰੁਕੇ ਲੁਧਿਆਣਾ ਦੇ ਹਯਾਤ ਹੋਟਲ ਵੱਲ ਚੱਲਦਾ ਰਿਹਾ, ਜਿੱਥੇ ਸੀਨੀਅਰ ਆਗੂਆਂ ਦੀ ਅਹਿਮ ਮੀਟਿੰਗ ਹੋਣੀ ਸੀ। ਪਾਰਟੀ ਦਾ ਝੰਡਾ ਰਾਹੁਲ ਗਾਂਧੀ ਦੇ ਮੂੰਹ ਉੱਤੇ ਮਾਰਨ ਵਾਲੇ ਜੰਮੂ ਕਸ਼ਮੀਰ ਦੇ ਨੌਜਵਾਨ ਨਦੀਮ ਖਾਨ ਸਣੇ ਅੱਧੀ ਦਰਜਨ ਨੌਜਵਾਨਾਂ ਤੋਂ ਪੁਲਸ ਨੇ ਪੁੱਛਗਿੱਛ ਕੀਤੀ।

ਇਸ ਘਟਨਾ ਦੇ ਬਾਅਦ ਨਦੀਮ ਖਾਨ ਦੱਸਿਆ ਕਿ ਉਹ ਕਾਂਗਰਸ ਦੀ ਵਿਦਿਆਰਥੀ ਜਥੇਬੰਦੀ ਐਨ ਐਸਯੂ ਆਈ ਦਾ ਵਰਕਰ ਹੈ ਅਤੇ ਹਮੇਸ਼ਾ ਰਾਹੁਲ ਗਾਂਧੀ ਦੇ ਸਵਾਗਤ ਲਈ ਜਾਂਦਾ ਹੈ। ਉਸ ਨੇ ਦੱਸਿਆ ਕਿ ਜੋਸ਼ ਵਿੱਚ ਉਸ ਕੋਲੋਂ ਇਹ ਗਲਤੀ ਹੋ ਗਈ, ਜਿਸ ਦੀ ਉਸ ਨੇ ਮੁਆਫੀ ਮੰਗੀ ਹੈ। ਰਾਹੁਲ ਗਾਂਧੀ ਦੀ ਗੱਡੀ ਸੁਨੀਲ ਜਾਖੜ ਚਲਾ ਰਹੇ ਸਨ ਤੇ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਇਸੇ ਗੱਡੀ ਵਿੱਚ ਸਨ।

# ਸੁਖਬੀਰ ਬਾਦਲ ਵੱਲੋਂ ਦੋਸ਼: ਕੇਜਰੀਵਾਲ ਨੇ 65 ਕਰੋੜਪਤੀ ਦਲ-ਬਦਲੂਆਂ ਨੂੰ ਟਿਕਟਾਂ ਦਿੱਤੀਆਂ



ਪਟਿਆਲਾ, 7 ਫਰਵਰੀ (ਪੋਸਟ ਬਿਊਰੋ)-ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹਲਕਾ ਰਾਜਪੁਰਾ ਤੋਂ ਅਕਾਲੀ ਦਲ ਤੇ ਬਸਪਾ ਦੇ ਉਮੀਦਵਾਰ ਚਰਨਜੀਤ ਸਿੰਘ ਬਰਾੜ ਦੇ ਹੱਕ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਆਪਣੇ ਆਪ ਨੂੰ ਆਮ ਆਦਮੀ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ 65 ਦਲ-ਬਦਲੂ ਕਰੋੜਪਤੀਆਂ ਨੂੰ ਟਿਕਟਾਂਦਿੱਤੀਆਂ ਅਤੇ ਸਾਲਾਂ ਤੋਂ ਪਾਰਟੀ ਲਈ ਕੰਮ ਕਰਨ ਵਾਲੇ ਵਰਕਰਾਂ ਨਾਲ ਇਨਸਾਫ ਨਹੀਂ ਕੀਤਾ ਤਾਂ ਕੇਜਰੀਵਾਲ ਪੰਜਾਬੀਆਂ ਨਾਲ ਕੀ ਇਨਸਾਫ ਕਰ ਸਕਦਾ ਹੈ।

ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਉੱਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਕੀ ਮੋਹਾਲੀ ਤੋਂ ਉਮੀਦਵਾਰ ਕੁਲਵੰਤ ਸਿੰਘ ਰੇਹੜੀ ਲਾਉਂਦਾ ਹੈ ਜਾਂ ਪਟਿਆਲਾ ਵਿੱਚ ਕੋਹਲੀ ਦੀ ਪੰਕਚਰ ਦੀ ਦੁਕਾਨ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬੀਆਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰਹੀ ਗੱਲ ਕਾਂਗਰਸ ਦੀ ਤਾਂ ਉਨ੍ਹਾਂ ਨੂੰ ਆਪਣਾ ਲੁੱਟ ਦਾ ਮਾਲ ਵੰਡਣ ਤੋਂ ਅਜੇ ਫੁਰਸਤ ਹੀ ਨਹੀਂ ਹੈ। ਬਾਦਲ ਨੇ ਐਲਾਨ ਕੀਤਾ ਕਿ ਰਾਜਪੁਰਾ ਨੂੰ ਮੋਹਾਲੀ ਦੀ ਤਰਜ਼ ਉੱਤੇ ਇੰਡਸਟਰੀ ਅਤੇ ਆਈ ਟੀ ਸੈਕਟਰ ਦੇ ਤੌਰ ਉੱਤੇਵਿਕਸਿਤ ਕੀਤਾ ਜਾਵੇਗਾ।

# ਕਾਂਗਰਸ ਉਮੀਦਵਾਰ ਦੇ ਐਲਾਨ ਪਿੱਛੋਂ ਚੰਨੀ ਦੇ ਹਲਕੇ ਵਿੱਚ ਪਟਾਕੇ ਚੱਲੇ, ਸਿੱਧੂ ਦੇ ਘਰ ਸੰਨਾਟਾ

ਚਮਕੌਰ ਸਾਹਿਬ, 7 ਫਰਵਰੀ (ਪੋਸਟ ਬਿਊਰੋ)- ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵਿਧਾਨ ਸਭਾ ਚੋਣਾਂ ਲਈ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨ ਜਾਣ ਪਿੱਛੋਂ ਹਲਕਾ ਚਮਕੌਰ ਸਾਹਿਬ ਵਿੱਚ ਉਨ੍ਹਾਂ ਦੇ ਸਮਰਥਕਾਂ ਨੇ ਆਤਿਸ਼ਬਾਜ਼ੀ ਕੀਤੀ, ਪਰ ਅੰਮ੍ਰਿਤਸਰ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਘਰਸੰਨਾਟਾ ਪੱਸਰ ਗਿਆ।

ਚਰਨਜੀਤ ਸਿੰਘ ਚੰਨੀ ਦੀ ਪਤਨੀ ਡਾਕਟਰ ਕਮਲਜੀਤ ਕੌਰ ਨੇ ਆਪਣੇ ਪਤੀ ਦੇ ਮੁੱਖ ਮੰਤਰੀ ਚਿਹਰਾ ਬਣਨ ਦੇ ਬਾਅਦ ਪੂਰੇ ਪਰਵਾਰ ਸਮੇਤ ਇਤਿਹਾਸਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿੱਚ ਮੱਥਾ ਟੇਕਿਆ। ਇਸ ਦੌਰਾਨ ਕੱਲ੍ਹ ਜਦੋਂ ਰਾਹੁਲ ਗਾਂਧੀ ਨੇ ਚੰਨੀ ਦੇ ਨਾਂਅ ਦਾ ਐਲਾਨ ਕੀਤਾ ਤਾਂ ਚਮਕੌਰ ਸਾਹਿਬ ਦੀ ਦਾਣਾ ਮੰਡੀ ਵਿੱਚ ਇਕੱਠੇ ਹੋਏ ਉਨ੍ਹਾਂ ਦੇ ਸੈਂਕੜੇ ਸਮਰਥਕਾਂ ਨੇ ਖੁਸ਼ੀ ਵਿੱਚ ਭੰਗੜਾ ਪਾ ਕੇ ਆਤਿਸ਼ਬਾਜ਼ੀ ਕੀਤੀ। ਚੰਨੀ ਦੀ ਪਤਨੀ ਡਾਕਟਰ ਕਮਲਜੀਤ ਕੌਰ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਵੱਡਾ ਫੈਸਲਾ ਲਿਆ ਹੈ, ਜੋ ਪੰਜਾਬ ਦੇ ਹੱਕ ਵਿੱਚ ਜਾਏਗਾ। ਓਧਰ ਚੰਨੀ ਦੇ ਬੇਟੇ ਨਵਦੀਪ ਸਿੰਘ ਨਵੀ ਨੇ ਕਿਹਾ ਕਿ ਪੰਜਾਬ ਵਿੱਚ ਫਿਰ ਚੰਨੀ ਜੀ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਬਣੇਗੀ।

ਦੂਸਰੇ ਪਾਸੇ ਨਵਜੋਤ ਸਿੰਘ ਸਿੱਧੂ ਵੀ ਮੁੱਖ ਮੰਤਰੀ ਚਿਹਰੇ ਦੀ ਦੌੜ ਵਿੱਚ ਸ਼ਾਮਲ ਸਨ, ਪਰ ਚੰਨੀ ਦੇ ਨਾਂਅ ਦੇ ਐਲਾਨ ਦੇ ਬਾਅਦ ਸਿੱਧੂ ਦੀ ਅੰਮ੍ਰਿਤਸਰ ਦੀ ਹੋਲੀ ਸਿਟੀ ਵਾਲੀ ਕੋਠੀ ਵਿੱਚ ਸੰਨਾਟਾ ਪੱਸਰ ਗਿਆ। ਉਨ੍ਹਾਂ ਦਾ ਪਰਵਾਰ ਘਰ ਨਹੀਂ ਸੀ। ਡਾਕਟਰ ਨਵਜੋਤ ਕੌਰ ਸਿੱਧੂ ਨੇ ਸਵੇਰੇ ਹੀ ਕਹਿ ਦਿੱਤਾ ਕਿ ਉਹ ਅੱਜ ਕਿਸੇ ਨਾਲ ਗੱਲ ਨਹੀਂ ਕਰੇਗੀ, ਸ਼ਾਇਦ ਉਹ ਕਾਂਗਰਸ ਹਾਈ ਕਮਾਨ ਦੇ ਫੈਸਲੇ ਤੋਂ ਪਹਿਲਾਂ ਹੀ ਜਾਣੂ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh** |
| **Photographer** | Kanwaljit Singh Kanwal |
| **Distributer Marketing:** | Aman Warraich **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸਰਬਜੀਤ ਕੌਰ ਨੂੰ ਯੂਕੇ ਦੇ ਕਾਮਨਵੈਲਥ ਸਕਾਲਰਸ਼ਿਪ ਕਮਿਸ਼ਨ ਵੱਲੋਂ ਵੱਕਾਰੀ ਸਕਾਲਰਸ਼ਿਪ ਪ੍ਰਦਾਨ



ਅੰਮ੍ਰਿਤਸਰ, 7 ਫਰਵਰੀ (ਪੋਸਟ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਸਾਇਣ ਵਿਗਿਆਨ ਵਿਭਾਗ 'ਚ ਡਾ. ਇੰਦਰਪ੍ਰੀਤ ਕੌਰ ਦੀ ਦੇਖਰੇਖ ਹੇਠ ਖੋਜ ਕਰ ਰਹੇ ਸੀਨੀਅਰ ਰੀਸਰਚ ਫੈਲੋ ਮਿਸ ਸਰਬਜੀਤ ਕੌਰ ਨੂੰ ਕਾਮਨਵੈਲਥ ਸਕਾਲਰਸ਼ਿਪ ਕਮਿਸ਼ਨ (ਸੀਐਸਸੀ), ਯੂਕੇ ਵੱਲੋਂ ਵਿਗਿਆਨ ਅਤੇ ਤਕਨਾਲੋਜੀ ਸਕੀਮ ਅਧੀਨ ਵੱਕਾਰੀ ਕਾਮਨਵੈਲਥ ਸਪਲਿਟ-ਸਾਈਟ ਸਕਾਲਰਸ਼ਿਪ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਸਕਾਲਰਸ਼ਿਪ ਇਕ ਸਾਲ ਲਈ ਪ੍ਰਦਾਨ ਕੀਤੀ ਗਈ ਹੈ।

ਉਸ ਨੂੰ ਡਾ. ਮਾਰਲੋਜ਼ ਪੀਟਰਸ ਦੀ ਅਗਵਾਈ ਹੇਠ ਸਕੂਲ ਆਫ਼ ਇੰਜੀਨੀਅਰਿੰਗ, ਨਿਊਕੈਸਲ ਯੂਨੀਵਰਸਿਟੀ, ਯੂ.ਕੇ. ਵਿਖੇ ਖੋਜ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਵਰਤਮਾਨ ਸਮੇਂ ਵਿੱਚ, ਉਹ ਆਪਣੀ ਪੀ ਐਚ.ਡੀ. ਇਲੈਕਟ੍ਰੋਐਨਾਲਿਟੀਕਲ ਕੈਮਿਸਟਰੀ ਦੇ ਖੇਤਰ ਵਿਚ ਕਰ ਰਹੇ ਹਨ ਜੋ ਵਾਤਾਵਰਣ ਅਤੇ ਜੈਵਿਕ ਨਮੂਨਿਆਂ ਵਿੱਚ ਭਾਰੀ ਧਾਤਾਂ ਦੀ ਖੋਜ ਲਈ ਇਲੈਕਟ੍ਰੋਕੈਮੀਕਲ ਸੈਂਸਰਾਂ ਦੇ ਵਿਕਾਸ 'ਤੇ ਕੇਂਦ੍ਰਤ ਹੈ। ਉਨ੍ਹਾਂ ਦੇ ਪਹਿਲਾਂ ਹੀ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਰਸਾਲਿਆਂ ਵਿੱਚ 5 ਖੋਜ ਲੇਖ ਪ੍ਰਕਾਸ਼ਤਿ ਹੋ ਚੁੱਕੇ ਹਨ। ਨਿਊਕੈਸਲ ਯੂਨੀਵਰਸਿਟੀ, ਯੂਕੇ ਵਿੱਚ ਆਪਣੇ ਕਾਰਜਕਾਲ ਦੌਰਾਨ ਉਹ ਨੈਨੋਟੈਕਨਾਲੋਜੀ ਦੀ ਤਾਕਤ ਦਾ ਇਸਤੇਮਾਲ ਕਰਨ ਲਈ ਤੇਜ਼, ਭਰੋਸੇਮੰਦ ਅਤੇ ਪੋਰਟੇਬਲ ਯੰਤਰ ਨੂੰ ਵਿਕਸਤ ਕਰਨ ਲਈ ਨੋਰੋਵਾਇਰਸ ਦੀ ਇਲੈਕਟ੍ਰੋਕੈਮੀਕਲ ਖੋਜ ਲਈ ਵੱਖ-ਵੱਖ ਮਾਧਿਅਮਾਂ ਵਿੱਚ ਖੋਜ ਕਰੇਗੀ, ਜਿਸ ਤੋਂ ਬਾਅਦ ਅਸਲ ਨਮੂਨਿਆਂ ਜਿਵੇਂ ਕਿ ਭੋਜਨ, ਪਾਣੀ ਅਤੇ ਹੋਰ ਜੀਵ ਵਿ-ਗਿਆਨ ਵਿੱਚ ਵਿਆਪਕ ਜਾਂਚ ਕੀਤੀ ਜਾਵੇਗੀ। ਇਸ ਖੋਜ ਨਾਲ ਜਨਤਕ ਸਿਹਤ ਅਤੇ ਭੋਜਨ ਸੁਰੱਖਿਆ ਖੇਤਰ ਵਿਚ ਬਹੁਤ ਵਧੀਆ ਸੁਧਾਰ ਆਉਣ ਦੀ ਸੰਭਾਵਨਾ ਹੈ।

## ਚੋਣ ਪ੍ਰਚਾਰ ਦੌਰਾਨ ਇਕੱਠੇ ਹੋਏ ਪਤੀ-ਪਤਨੀ ਦਾ ਲੋਕਾਂ ਕੀਤਾ ਸਵਾਗਤ

### ਲੱਡੂਆਂ ਨਾਲ ਤੋਲਦਿਆਂ ਕਰਵਾਇਆ ਮੂੰਹ ਮਿੱਠਾ



ਫ਼ਿਰੋਜ਼ਪੁਰ 7 ਫਰਵਰੀ (ਗਿਆਨ ਸਿੰਘ )ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਦਿਹਾਤੀ ਤੋਂ ਚੋਣ ਲੜ ਰਹੇ ਅਮਰਿੰ-ਦਰ ਸਿੰਘ ਆਸੂ ਬੰਗੜ ਵੱਲੋ" ਜਿਥੇ ਹਲਕੇ ਵਿਚ ਤੂਫਾਨੀ ਦੌਰੇ ਕੀਤੇ ਜਾ ਰਹੇ ਹਨ, ਉਥੇ ਆਪਣੇ ਪਤੀ ਦੇ ਹੱਕ ਵਿਚ ਲੋਕਾਂ ਨੂੰ ਵੋਟਾਂ ਪਾਉਣ ਲਈ ਬੀਬਾ ਬਲਜੀਤ ਕੌਰ ਬੰਗੜ ਵੀ ਸਰਗਰਮੀ ਨਾਲ ਕਾਰਜ ਕਰ ਰਹੇ ਹਨ। ਅੱਜ ਉਸ ਵੇਲੇ ਮਾਹੌਲ ਕਾਂਗਰਸ ਦੇ ਰੰਗਾਂ ਵਿਚ ਰੰਗਿਆ ਗਿਆ, ਜਦੋਂ ਪਿੰਡਾਂ ਦੇ ਤੂਫਾਨੀ ਦੌਰੇ ਦੌਰਾਨ ਕਾਂਗਰਸੀ ਉਮੀਦਵਾਰ ਆਸੂ ਬੰਗੜ ਅਤੇ ਉਨ੍ਹਾਂ ਦੀ ਪਤਨੀ ਬਾਬਾ ਬਲਜੀਤ ਕੌਰ ਬੰਗੜ ਇਕੋ ਪਿੰਡ ਵਿਚ ਇਕੱਠੇ ਹੋ ਗਏ, ਜਿਥੇ ਖੁਸ਼ੀ ਵਿਚ ਖੀਵੇ ਹੋਏ ਲੋਕਾਂ ਨੇ ਪਤੀ-ਪਤਨੀ ਨੂੰ ਲੱਡੂਆਂ ਨਾਲ ਤੋਲਦਿਆਂ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਕਾਂਗਰਸੀ ਉਮੀਦਵਾਰ ਆਸੂ ਬੰਗੜ ਵੱਲ ਹੱਥ ਕਰਦਿਆਂ ਬੀਬਾ ਬੰਗੜ ਨੇ ਕਿਹਾ ਕਿ ਤੁਹਾਡੀਆਂ ਸਮੱਸਿਆਵਾਂ ਦਾ ਹੱਲ ਕਰਨ ਵਾਲਾ ਤੁਹਾਡੇ ਕੋਲ ਖੜ੍ਹਾ ਹੈ, ਤੁਸੀਂ ਸਿਰਫ ਇਕ ਵਾਰ ਵੋਟਾਂ ਪਾਉਣਗੀਆਂ, ਫਿਰ ਦੇਖਿਓ ਤੁਹਾਡੀਆਂ ਸਮੱਸਿਆਵਾਂ ਨੂੰ ਕਿਵੇਂ ਆਪਣੀਆਂ ਸਮੱਸਿਆਵਾਂ ਬਣਾ ਕੇ ਹੱਲ ਕਰਵਾਉਂਦਾ। ਆਪਣੀ ਪਤਨੀ ਤੇ ਹਲਕਾ ਨਿਵਾਸੀਆਂ ਵੱਲੋਂ ਮਿਲ ਰਹੇ ਅਥਾਹ ਪਿਆਰ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਕਾਂਗਰਸੀ ਉਮੀਦਵਾਰ ਆਸੂ ਬੰਗੜ ਨੇ ਕਿਹਾ ਕਿ ਤੁਹਾਡੇ ਖਾਤਰ ਹੀ ਵਿਰੋਧੀਆਂ ਨਾਲ ਆਡਾ ਲਾਈ ਬੈਠਾ ਹਾਂ। ਭਾਵੁਕ ਹੁੰਦਿਆਂ ਅਮਰਦੀਪ ਸਿੰਘ ਆਸੂ ਬੰਗੜ ਨੇ ਕਿਹਾ ਕਿ ਮੈਂ ਤਾਂ ਹਲਕੇ ਦੇ ਸਰਵਪੱਖੀ ਵਿਕਾਸ ਲਈ ਔਖਲੀ ਵਿਚ ਸਿਰ ਦਿੱਤੀ ਬੈਠਾ ਹਾਂ, ਹੁਣ ਤੁਹਾਡੀ ਵਾਰੀ ਹੈ ਤੁਸੀਂ ਮੈਨੂੰ ਕੀ ਸੇਵਾ ਦੇਣੀ ਹੈ। ਇਸ ਮੌਕੇ ਅਮਰਿੰਦਰ ਸਿੰਘ ਟਿੱਕਾ ਬਸਤੀ ਭਾਗ ਸਿੰਘ, ਗਗਨਦੀਪ ਸਿੰਘ ਸਰਪੰਚ ਕੋਟ ਕਰੋੜ, ਲਖਵਿੰਦਰ ਸਿੰਘ ਲੱਖਾ ਪਿਆਰੇਆਣਾ, ਅਮਨਦੀਪ ਸਿੰਘ ਨਿੱਜੀ ਸਕੱਤਰ, ਹਰਵੰਤ ਸਿੰਘ ਭੁੱਲਰ ਆਲੇਵਾਲਾ ਆਦਿ ਹਾਜ਼ਰ ਸਨ।

## ਚੋਣ ਨਿਗਰਾਨਾਂ ਵਲੋਂ ਮੀਡੀਆ ਸਰਟੀਫਿਕੇਸ਼ਨ ਤੇ ਮਾਨੀਟਰਿੰਗ ਸੈਲ ਦਾ ਦੌਰਾ

### ਇਲੈਕਟ੍ਰੋਨਿਕ ਅਤੇ ਸੋਸ਼ਲ ਮੀਡੀਆ ਉਤੇ ਇਸ਼ਤਹਾਰ ਦੇਣ ਤੋਂ ਪਹਿਲਾਂ ਕਮੇਟੀ ਦੀ ਪ੍ਰਵਾਨਗੀ ਜ਼ਰੂਰੀ



ਮੋਗਾ, 7 ਫਰਵਰੀ (ਗਿਆਨ ਸਿੰਘ ): ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ਼੍ਰੀ ਹਰੀਸ਼ ਨਈਅਰ ਦੀਆਂ ਹਦਾਇਤਾਂ ਉਤੇ ਜਿਲ੍ਹੇ ਦੇ 4 ਵਿਧਾਨ ਸਭਾ ਹਲਕਿਆਂ ਤੋਂ ਚੋਣ ਲੜਨ ਵਾਲੇ ਉਮੀਦਵਾਰਾਂ ਵੱਲੋਂ ਮੀਡੀਆ ਰਾਹੀਂ ਕੀਤੇ ਜਾਣ ਵਾਲੇ ਖਰਚ ਉਤੇ ਨਿਗਾਹ ਰੱਖਣ ਲਈ ਜਿਲ੍ਹਾ ਪੱਧਰ ਉਤੇ ਬਣਾਈ ਗਈ ਮੀਡੀਆ ਸਰਟੀਫਿਕੇਸ਼ਨ ਤੇ ਮਾਨੀਟਰਿੰਗ ਕਮੇਟੀ ਦੇ ਦਫ਼ਤਰ ਦਾ ਚੋਣ ਕਮਿਸ਼ਨ ਵਲੋਂ ਨਿਯੁਕਤ ਕੀਤੇ ਗਏ ਚੋਣ ਨਿਗਰਾਨਾਂ ਸ਼੍ਰੀ ਭੀਮ ਰਤਨ ਰਾਵਤ ਅਤੇ ਸ਼੍ਰੀ ਸੁਨੀਲ ਐਨ ਰਨੋਤ ਨੇ ਅਚਨਚੇਤ ਦੌਰਾ ਕੀਤਾ ਅਤੇ ਉਥੇ ਕੀਤੇ ਜਾ ਰਹੇ ਕੰਮ ਦੀ ਪੜਤਾਲ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਕਮ ਨੋਡਲ ਅਫ਼ਸਰ ਖਰਚਾ ਸ੍ਰ ਆਰ ਪੀ ਸਿੰਘ ਸੰਧੂ ਵੀ ਉਨਾਂ ਦੇ ਨਾਲ ਸਨ। ਚੋਣ ਨਿਗਰਾਨ ਅਧਿਕਾਰੀਆਂ ਨੇ ਹਦਾਇਤ ਕੀਤੀ ਕਿ ਸਾਰੇ ਉਮੀਦਵਾਰਾਂ ਵੱਲੋਂ ਮੀਡੀਆ, ਜਿਸ ਵਿਚ ਅਖਬਾਰ, ਰੇਡੀਓ, ਟੀ ਵੀ, ਈ-ਪੇਪਰ ਅਤੇ ਸੋਸ਼ਲ ਮੀਡੀਆ ਆਦਿ ਸ਼ਾਮਿਲ ਹਨ, ਉਪਰ ਤਿੱਖੀ ਨਜ਼ਰ ਰੱਖੀ ਜਾਵੇ ਤੇ ਜੇਕਰ ਕਿਸੇ ਵੀ ਉਮੀਦਵਾਰ ਦਾ ਇਸ਼ਤਿਹਾਰ ਮਿਲਦਾ ਹੈ ਤਾਂ ਉਸ ਨੂੰ ਉਸਦੇ ਚੋਣ ਖਰਚੇ ਵਿਚ ਸ਼ਾਮਿਲ ਕਰਨ ਲਈ ਸਬੰਧਤ ਰਿਟਰਨਿੰਗ ਅਧਿਕਾਰੀ ਨੂੰ ਤੁਰੰਤ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਇਹ ਖਰਚਾ ਉਸਦੇ ਚੋਣ ਖਰਚੇ ਵਿਚ ਸ਼ਾਮਿਲ ਕੀਤਾ ਜਾ ਸਕੇ। ਉਨਾਂ ਦੱਸਿਆ ਕਿ ਇਲੈਕਟ੍ਰੋਨਿਕ ਮੀਡੀਆ ਜਿਸ ਵਿਚ ਈ-ਪੇਪਰ ਤੇ ਸੋਸ਼ਲ ਮੀਡੀਆ ਵੀ ਸ਼ਾਮਿਲ ਹਨ ਅਤੇ ਸੋਸ਼ਲ ਮੀਡੀਆ ਵਿਚ ਇਸ਼ਤਿਹਾਰ ਦੇਣ ਲਈ ਐਮ ਸੀ ਐਮ ਸੀ ਕੋਲੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਕਮੇਟੀ ਇਸ ਦੀ ਜਿੱਥੇ ਸਕਰਪਿਟ ਵੇਖੇ, ਉਥੇ ਇਸ਼ਤਿਹਾਰ ਬਨਾਉਣ ਤੇ ਲਗਾਉਣ ਉਤੇ ਆਏ ਖਰਚੇ ਦੀ ਜਾਣਕਾਰੀ ਲੈ ਕੇ ਇਹ ਆਿ-ਗਆ ਦੇਵੇ ਅਤੇ ਇਹ ਸਾਰਾ ਖਰਚ ਉਮੀਦਵਾਰ ਦੇ ਚੋਣ ਖਰਚੇ ਵਿਚ ਸ਼ਾਮਿਲ ਕੀਤਾ ਜਾਵੇ। ਉਨਾਂ ਕਿਹਾ ਕਿ ਇਸ ਖਰਚੇ ਦੀ ਸਾਰੀ ਅਦਾਇਗੀ ਚੈਕ ਨਾਲ ਕੀਤੀ ਜਾਣੀ ਜਰੂਰੀ ਹੈ। ਉਨਾਂ ਕਿਹਾ ਕਿ ਜੇਕਰ ਕੋਈ ਅਦਾਰਾ ਉਮੀਦਵਾਰ ਦੀ ਲਿਖਤੀ ਆਗਿਆ ਤੇ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਇਸ਼ਤਹਾਰ ਲਗਾ ਦਿੰਦਾ ਹੈ ਤਾਂ ਉਸ ਵਿਰੁੱਧ 171ਐਚ ਇੰਡੀਅਨ ਪੀਨਲ ਕੋਡ ਤਹਿਤ ਕੇਸ ਦਰਜ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਚੋਣਾਂ ਤੋਂ ਦੋ ਦਿਨ ਪਹਿਲਾਂ ਪ੍ਰਿੰਟ ਮੀਡੀਆ ਵਿਚ ਲੱਗਣ ਵਾਲੇ ਇਸ਼ਤਿਹਾਰ ਵੀ ਉਕਤ ਕਮੇਟੀ ਤੋਂ ਪ੍ਰਵਾਨ ਕਰਵਾਉਣੇ ਜਰੂਰੀ ਹਨ।

ਚੋਣ ਨਿਗਰਾਨ ਅਧਿਕਾਰੀਆਂ ਨੇ ਦੱਸਿਆ ਕਿ ਜੇਕਰ ਕੋਈ ਉਮੀਦਵਾਰ ਮੁੱਲ ਦੀ ਖਬਰ ਕਿਸੇ ਵੀ ਮੀਡੀਆ ਵਿਚ ਲਗਾਉਂਦਾ ਜਾਂ ਛਪਾਉਂਦਾ ਹੈ ਤਾਂ ਜਿੱਥੇ ਉਕਤ ਉਮੀਦਵਾਰ ਦੇ ਚੋਣ ਖਰਚੇ ਵਿਚ ਇਸ ਖਬਰ ਦਾ ਖਰਚਾ ਸ਼ਾਮਿਲ ਕੀਤਾ ਜਾਵੇਗਾ, ਉਥੇ ਚੋਣ ਕਮਿਸ਼ਨ ਦੀ ਵੈਬ-ਸਾਈਟ ਉਤੇ ਉਕਤ ਉਮੀਦਵਾਰ ਦਾ ਨਾਮ ਮੁੱਲ ਦੀਆਂ ਖਬਰਾਂ ਲਗਾਉਣ ਵਾਲੇ ਉਮੀਦਾਵਰਾਂ ਵਿਚ ਸ਼ਾਮਿਲ ਕਰਕੇ ਪ੍ਰਕਾਸ਼ਿਤ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਉਕਤ ਅਦਾਰੇ ਵਿਰੁੱਧ ਕਾਰਵਾਈ ਲਈ ਪ੍ਰੈਸ ਕੌਂਸਲ ਆਫ ਇੰਡੀਆ ਤੇ ਨੈਸ਼ਨਲ ਬਰਾਡਕਾਸਟਿੰਗ ਸਟੈਂਡਰ ਅਥਾਰਟੀ ਨੂੰ ਵੀ ਪੱਤਰ ਲਿਖਿਆ ਜਾਵੇਗਾ।

ਜਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ਼੍ਰੀ ਹਰੀਸ਼ ਨਈਅਰ ਨੇ ਕਿਹਾ ਕਿ ਤਿੰਨੇ ਜਨਰਲ ਆਬਜ਼ਰਵਰ ਅਤੇ ਪੁਲਿਸ ਆਬਜ਼ਰਵਰ ਨੈਸਲੇ ਦੇ ਰੈਸਟ ਹਾਊਸ ਵਿਖੇ ਜਦਕਿ ਦੋਵੇਂ ਖਰਚਾ ਆਬਜ਼ਰਵਰ ਪਿੰਡ ਸਿੰਘਾਵਾਲਾ ਸਥਿਤ ਪਾਵਰ ਗ੍ਰਿਡ ਦੇ ਰੈਸਟ ਹਾਊਸ ਵਿਖੇ ਠਹਿਰੇ ਹੋਏ ਹਨ।

ਉਨ੍ਹਾਂ ਦੱਸਿਆ ਕਿ ਸਾਰੇ ਚੋਣ ਆਬਜ਼ਰਬਰਾਂ ਨੂੰ ਸ਼ਾਮ ਨੂੰ 5 ਵਜੇ ਤੋਂ 6 ਵਜੇ ਤੱਕ ਉਹਨਾਂ ਦੇ ਠਹਿਰਾ ਵਾਲੇ ਸਥਾਨ ਉੱਤੇ ਮਿਲਿਆ ਵੀ ਜਾ ਸਕਦਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰ 'ਤੇ ਸਕਿਾਇਤ ਕੰਟਰੋਲ ਰੂਮ ਦੇ ਨੰਬਰ 01636-238100 ਤੇ ਟੋਲ ਫਰੀ ਨੰਬਰ 1950 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਚੋਣ ਜਾਬਤੇ ਦੀ ਉਲੰਘਣਾ ਬਾਰੇ ਸ਼ਿਕਾਇਤਾਂ ਲਈ ਸੀ-ਵਿਜਿਲ ਐਪ ਦੀ ਵਰਤੋਂ ਕਰਨ।

## ਚੋਣਾਂ ਵਿੱਚ ਦਲ ਬਦਲੀਆਂ ਨੇ ਸੱਥਾਂ ਵਿੱਚ ਨਵੀਂ ਚਰਚਾ ਛੇੜੀ


ਫ਼ਾਜ਼ਿਲਕਾ, 7 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੱਖ-ਵੱਖ ਸਿਆਸੀ ਆਗੂਆਂ ਨੇਜਿਸ ਤਰ੍ਹਾਂ ਦਲ ਬਦਲੀਆਂ ਕੀਤੀਆਂ ਹਨ, ਉਥੇ ਆਮ ਵੋਟਰਾਂ ਦੇ ਮਨਾਂ ਵਿੱਚ ਦਲ ਬਦਲੀਆਂ ਬਾਰੇ ਸਿਆਸੀ ਆਗੂਆਂ ਦੀ ਭਰੋਸੇਯੋਗਤਾ ਤੇ ਪ੍ਰਸ਼ਨ-ਚਿੰਨ੍ਹ ਲਾਏ ਹਨ। ਪਹਿਲਾਂ ਕਦੇ ਕੋਈ ਆਗੂ ਕਿਸੇ ਠੋਸ ਵਜ੍ਹਾ ਕਾਰਨ ਦਲ ਬਦਲਦਾ ਸੀ ਜਾਂ ਉਸ ਨੂੰ ਇੱਕ ਪਾਰਟੀ ਵਿੱਚੋਂ ਕੱਢਿਆ ਜਾਂਦਾ ਸੀ ਤਾਂ ਉਸ ਸਮੇਂ ਆਮ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣਦਾ ਸੀ। ਕਈ ਵਾਰ ਦਲ ਬਦਲੀ ਦੀ ਠੋਸ ਵਜ੍ਹਾ ਕਾਰਨ ਆਗੂ ਵੋਟਰਾਂ ਦੀ ਹਮਦਰਦੀ ਵੀ ਲੈ ਜਾਂਦਾ ਸੀ।

ਪਾਰਟੀਆਂ ਚਲਾਉਣ ਵਾਲੇ ਆਗੂ ਛੇਤੀ ਕੀਤੇ ਸੱਤਾ ਦੀ ਲਾਲਸਾ ਬਾਰੇ ਆਪਣੇ ਪੁਰਾਣੇ ਵਫ਼ਾਦਾਰ ਆਗੂਆਂ ਨੂੰ ਨਕਾਰਦੇ ਵੀ ਨਹੀਂ ਸਨ ਜਾਂ ਉਨ੍ਹਾਂ ਨੂੰ ਭਰੋਸੇ ਵਿੱਚ ਲੈ ਕੇ ਨਵਾਂ ਉਮੀਦਵਾਰ ਖੜ੍ਹਾ ਕਰਦੇ ਸਨ। ਦੂਜੀਆਂ ਪਾਰਟੀਆਂ ਤੋਂ ਆਗੂ ਲਿਆ ਕੇ ਆਪਣੇ ਵਫ਼ਾਦਾਰਾਂ ਨੂੰ ਨਕਾਰਦਿਆਂ ਦਲ ਬਦਲੀ ਕਰਵਾ ਕੇ ਟਿਕਟਾਂ ਦੇਣ ਦੇ ਵਧੇ ਰੁਝਾਨ ਨੇ ਸਾਰੀਆਂ ਸਿਆਸੀ ਪਾਰਟੀਆਂ ਅੰਦਰ ਦਲ ਹਲਚਲ ਪੈਦਾ ਕਰ ਦਿਤੀ ਹੈ। ਇਨ੍ਹਾਂ ਚੋਣਾਂ ਵਿੱਚ ਕਈ ਆਗੂਆਂ ਨੇ ਦੋ ਤਿੰਨ ਵਾਰ ਪਾਰਟੀਆਂ ਬਦਲ ਲਈਆਂ, ਫਿਰ ਵੀ ਟਿਕਟ ਤੋਂ ਵਾਂਝੇ ਰਹਿ ਗਏ। ਉਨ੍ਹਾ ਦੀ ਟਿਕਟ ਪ੍ਰਾਪਤੀ ਦੀ ਦੌੜ ਵਿੱਚ ਜਿੱਥੇ ਜ਼ਮੀਰ ਨੂੰ ਤਿਆਗਿਆ, ਉਥੇ ਵਰਕਰ ਵੀ ਆਗੂਆਂ ਨੂੰ ਕੀਤੇ ਕੰਮਾਂ ਬਾਰੇ ਸਿੱਧਾ ਪੁੱਛ ਰਹੇ ਹਨ। ਲੋਕ ਸੱਥਾਂ ਉੱਤੇ ਇਹ ਗੱਲ ਆਮ ਚੱਲਦੀ ਹੈ ਕਿ ਕੁਝ ਦਹਾਕੇ ਪਹਿਲਾਂ ਸਿਆ-ਸਤ ਵਿੱਚ ਏਨਾ ਨਿਘਾਰ ਨਹੀਂ ਸੀ, ਅੱਜਕੱਲ੍ਹ ਸਿਆਸਤ ਇੱਕ ਵਪਾਰ ਦਾ ਰੂਪ ਧਾਰਨ ਕਰੀ ਜਾਂਦੀ ਹੈ। ਮੀਟਿੰਗਾਂ ਅਤੇ ਰੈਲੀਆਂ ਵਿੱਚ ਬਹਿਣ ਵਾਲੇ ਲੋਕਾਂ ਦੀ ਖ਼ਰੀਦੋ-ਫ਼ਰੋਖ਼ਤ ਹੁੰਦੀ ਹੈ। ਸਾਲ 1992 ਦੇ ਦਹਾਕੇ ਤੋਂ ਬਾਅਦ ਵਿਧਾਇਕ ਲਗਜ਼ਰੀ ਗੱਡੀ ਤੋਂ ਬਿਨਾ ਚੱਲਣ ਵਿੱਚ ਸ਼ਰਮ ਮਹਿਸੂਸ ਕਰਦਾ ਹੈ। ਹੋਰ ਤਾਂ ਹੋਰ ਕਈ ਵਿਧਾਇਕ ਆਪਣੇ ਕਾਫ਼ਲੇ ਅੱਗੇ ਐਸਕਾਰਟ ਜਿਪਸੀਆਂ ਵੀ ਲਾਲ ਝੰਡੇ ਲਾ ਕੇ ਤੋਰੀ ਫਿਰਦੇ ਹਨ, ਜਦੋਂ ਕਿ ਵਿਧਾਇਕ ਨੂੰ ਸਰਕਾਰੀ ਤੌਰ ਉੱਤੇ ਐਸਕਾਰਟ ਗੱਡੀ ਨਹੀਂ ਮਿਲਦੀ।

## ਜ਼ਰੂਰ ਜਾਣੋ; ਗਿਆਨ ਗੰਗਾ

**॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




**ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

**IPTV ਦੁਆਰਾ ਸਤਸੰਗ ਦੇਖੋ**

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

**ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:**

satlokashramcanada@gmail.com
satsahibusa@gmail.com

**647-739-4641**
**346-714-0224**

## ਫਿਰੋਜ਼ਪੁਰ ਦਾ ਵਿਕਾਸ ਅਤੇ ਗੁੰਡਾਗਰਦੀ ਦਾ ਖਾਤਮਾ ਕੇਵਲ ਰਾਣਾ ਸੋਢੀ ਹੀ ਕਰ ਸਕਦੇ ਹਨ : ਬਿਮਲਾ



ਫਿਰੋਜ਼ਪੁਰ, 7 ਫਰਵਰੀ (ਗਿਆਨ ਸਿੰਘ): ਸਰਹੱਦੀ ਜ਼ਲ੍ਹਿ ਵਿੱਚ ਕਾਂਗਰਸ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਪਿੰਡ ਸੁਲਤਾਨ ਵਾਲਾ ਦੇ ਮੌਜੂਦਾ ਸਰਪੰਚ ਬਿਮਲਾ ਨੇ ਕਾਂਗਰਸ ਦੀਆਂ ਨੀਤੀਆਂ ਨੂੰ ਨਕਾਰਦਿਆਂ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਵਾਉਣ ਦੀ ਰਸਮ ਸ਼ਹਿਰੀ ਹਲਕੇ ਦੇ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਵੱਲੋਂ ਨਿਭਾਈ ਗਈ। ਮਹਿਲਾ ਸਰਪੰਚ ਦੇ ਨਾਲ-ਨਾਲ ਉਸਦਾ ਪਰਿਵਾਰ, ਸਾਬਕਾ ਸਰਪੰਚ ਤੇ ਹੋਰ ਪਿੰਡਾਂ ਦੇ ਲੋਕ ਵੀ ਸ਼ਾਮਲ ਹੋ ਗਏ ਹਨ। ਇਸ ਮੌਕੇ ਸਰਪੰਚ ਬਿਮਲਾ ਤੋਂ ਇਲਾਵਾ ਉਸ ਦਾ ਪਤੀ ਚਮਕੌਰ ਸਿੰਘ, ਸਾਬਕਾ ਸਰਪੰਚ ਪਾਲਾ ਸਿੰਘ ਵੀ ਹਾਜ਼ਰ ਸਨ। ਬਿਮਲਾ ਨੇ ਕਿਹਾ ਕਿ ਉਹ ਸਥਾਨਕ ਵਿਧਾਇਕ ਦੀਆਂ ਗਲਤ ਨੀਤੀਆਂ ਅਤੇ ਵਰਕਰਾਂ ਨੂੰ ਨਕਾਰਨ ਦੀ ਨੀਤੀ ਤੋਂ ਦੁਖੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚ ਰਹਿੰਦਿਆਂ ਉਨ੍ਹਾਂ ਨੂੰ ਕਦੇ ਵੀ ਉਹ ਸਨਮਾਨ ਨਹੀਂ ਮਿਲਿਆ ਜਿਸਦੇ ਉਹ ਹੱਕਦਾਰ ਸੀ। ਇਸ ਲਈ ਉਹ ਭਾਜਪਾ ਵਿੱਚ ਸ਼ਾਮਲ ਹੋਏ ਹਨ, ਕਿਉਂਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਭਾਜਪਾ ਹੀ ਕਰ ਸਕਦੀ ਹੈ।

ਉਨ੍ਹਾਂ ਕਿਹਾ ਕਿ ਰਾਣਾ ਸੋਢੀ ਦੇ ਆਉਣ ਨਾਲ ਫਿਰੋਜ਼ਪੁਰ ਦੇ ਲੋਕ ਖੁੱਲ੍ਹ ਕੇ ਰਾਣਾ ਗੁਰਮੀਤ ਸੋਢੀ ਦਾ ਸਮਰਥਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰਾਣਾ ਸੋਢੀ ਨੇ ਚਾਰ ਵਾਰ ਵਿਧਾਇਕ ਰਹਿੰਦਿਆਂ ਗੁਰੂਹਰਸਹਾਏ ਵਿੱਚ ਅਜਿਹੀ ਅਰਾਜਕਤਾ ਨਹੀਂ ਪੈਦਾ ਕੀਤੀ, ਜਿਸ ਤਰ੍ਹਾਂ ਫਿਰੋਜ਼ਪੁਰ ਵਿੱਚ ਗੁੰਡਾਗਰਦੀ ਫੈਲ ਰਹੀ ਹੈ। ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਭਾਜਪਾ ਵਿੱਚ ਹਰ ਵਿਅਕਤੀ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਰਪੰਚ ਬਿਮਲਾ ਵਾਂਗ ਕਈ ਲੋਕ ਕਾਂਗਰਸ ਦੀਆਂ ਨੀਤੀਆਂ ਤੋਂ ਦੁਖੀ ਹੋ ਕੇ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ।

## ਦੁਕਾਨ ਦੇ ਸ਼ਟਰ ਤੋੜ ਕੇ ਲੱਖਾਂ ਰੁਪਏ ਦੇ ਲੈਪਟਾਪ ਚੋਰੀ

ਜਲੰਧਰ, 7 ਫਰਵਰੀ (ਪੋਸਟ ਬਿਊਰੋ)- ਥਾਣਾ ਬਾਰਾਦਰੀ ਵਿੱਚ ਪੈਂਦੇ ਗੜ੍ਹਾ ਰੋਡ ਲਾਈਨਾਂ ਦੇ ਨੇੜੇ ਸੈਕਿੰਡ ਹੈਂਡ ਹੱਬ ਨਾਮੀ ਲੈਪਟਾਪ ਦੇ ਸ਼ੋਅਰੂਮ ਚੋਰਾਂ ਨੇ ਰਾਤ ਲੱਖਾਂ ਦੇ ਲੈਪਟਾਪ ਚੋਰੀ ਕਰ ਲਏ।

ਪਤਾ ਲੱਗਾ ਹੈ ਕਿ ਚੋਰਾਂ ਨੇ ਪਹਿਲਾਂ ਤਾਲੇ ਸਮੇਤ ਸ਼ੋਅਰੂਮ ਦਾ ਸ਼ਟਰ ਤੋੜਿਆ ਤੇ ਫਿਰ ਸ਼ੀਸ਼ੇ ਵਾਲਾ ਦਰਵਾਜ਼ਾ ਤੋੜ ਕੇ ਅੰਦਰ ਵੜੇ। ਇਸੇ ਦੌਰਾਨ ਜਦੋਂ ਸ਼ੋਅਰੂਮ ਵਿੱਚ ਸਾਇਰਨ ਵੱਜਾ ਤਾਂ ਉਨ੍ਹਾਂ ਨੇ ਸਾਇਰਨ ਤੋੜ ਦਿੱਤਾ ਅਤੇ ਸੀ ਸੀ ਟੀ ਵੀ ਨੂੰ ਉਖਾੜ ਕੇ ਲਾਈਟ ਬੰਦ ਕਰ ਦਿੱਤੀ। ਦੱਸਿਆ ਗਿਆ ਹੈ ਕਿ ਚੋਰ ਸ਼ੋਅਰੂਮਤੋਂ 10 ਤੋਂ 12 ਲੈਪਟਾਪ ਚੋਰੀ ਕਰਕੇ ਲੈ ਗਏ। ਸ਼ੋਅਰੂਮ ਦੇ ਮਾਲਕ ਮੁਨੀਸ਼ ਨਿਵਾਸੀ ਜਸਵੰਤ ਨਗਰ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਕਿਸੇ ਜਾਣਕਾਰ ਦਾ ਫ਼ੋਨ ਆਇਆ ਕਿ ਸ਼ੋਅਰੂਮ ਦਾ ਸ਼ਟਰ ਟੁੱਟਾ ਹੈ। ਜਦੋਂ ਉਹ ਓਥੇ ਗਏ ਤਾਂ ਦੇਖਿਆ ਕਿ ਸ਼ੋਅਰੂਮ ਦਾ ਸ਼ਟਰ ਤਾਲੇ ਸਮੇਤ ਪੁੱਟਿਆ ਹੋਇਆ ਹੈ ਤੇ ਅੰਦਰ ਦਾ ਸ਼ੀਸ਼ੇ ਦਾ ਦਰਵਾਜ਼ਾ ਵੀ ਟੁੱਟਿਆ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ 10 ਤੋਂ 12 ਲੱਖ ਦਾ ਨੁਕਸਾਨ ਹੋ ਗਿਆ ਹੈ। ਇਸ ਸਬੰਧੀ ਥਾਣਾ ਮੁੱਖੀ ਨੇ ਦੱਸਿਆ ਕਿ ਮਾਮਲਾ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ। ਜਲਦ ਹੀ ਦੋਸ਼ੀ ਗ੍ਰਿਫ਼ਤਾਰ ਕਰ ਲਏ ਜਾਣਗੇ।

# ਭਾਰਤ ਦੀ ਮੇਲੋਡੀ ਕੁਈਨ ਲਤਾ ਮੰਗੇਸ਼ਕਰ, ਪ੍ਰੇਰਨਾ ਸਰੋਤ, ਅਮਰ ਹੋ ਗਈ



ਸੁਰਜੀਤ ਸਿੰਘ ਫਲੋਰਾ

ਪਿਛਲੇ ਸੱਤ ਦਹਾਕਿਆਂ ਤੋਂ ਆਪਣੀ ਸੁਰੀਲੀ ਆਵਾਜ਼ ਨਾਲ ਲੋਕਾਂ ਦੇ ਦਿਲਾਂ 'ਚ ਜਗ੍ਹਾ ਬਣਾਉਣ ਵਾਲੀ ਮਸ਼ਹੂਰ ਗਾਇਕਾ ਲਤਾ ਮੰਗੇਸ਼ਕਰ ਭਾਰਤ ਦੀ ਮੇਲੋਡੀ ਕੁਈਨ, ਹੁਣ ਸਾਡੇ ਵਿੱਚ ਨਹੀਂ ਹਨ। ਉਹਨਾਂ ਨੇ 92 ਸਾਲ ਦੀ ਉਮਰ 'ਚ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ।

ਲਤਾ ਜੀ ਨੇ ਐਤਵਾਰ ਬ੍ਰੀਚ ਕੈਂਡੀ ਹਸਪਤਾਲ ਵਿੱਚ ਆਖਿਰੀ ਸਾਹ ਲਏ। ਦੱਸ ਦੇਈਏ ਕਿ ਉਹ ਪਿਛਲੇ 29 ਦਿਨਾਂ ਤੋਂ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ 'ਚ ਭਰਤੀ ਸਨ। ਇਸ ਦੌਰਾਨ ਫੈਨਜ਼ ਵੀ ਲਤਾ ਮੰਗੇਸ਼ਕਰ ਦੇ ਠੀਕ ਹੋਣ ਦੀਆਂ ਦੁਆਵਾਂ ਕਰ ਰਹੇ ਹਨ। ਪਰ ਅੱਜ 92 ਸਾਲ ਦੀ ਸਵਰ ਕੋਇਲ ਨੇ ਇਸ ਦੁਨਿਆ ਨੂੰ ਹਮੇਸ਼ਾ ਦੇ ਲਈ ਅਲਵਿਦਾ ਕਹਿ ਦਿੱਤਾ। ਜਿਸ ਨੇ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿਚ ਹਨੇਰਾ ਕਰ ਦਿੱਤਾ ।

70 ਸਾਲਾਂ ਤੋਂ ਵੱਧ ਸਮੇਂ ਤੱਕ ਭਾਰਤੀ ਫਿਲਮਾਂ ਨੂੰ ਆਪਣੀ ਆਵਾਜ਼ ਦੇਣ ਵਾਲੀ "ਭਾਰਤ ਦੀ ਕੋਇਲ "ਕੋਵਿਡ -19 ਦੇ ਹੋਣ ਕਾਰਨ 29 ਦਿਨਾਂ ਤੋਂ ਵੱਧ ਸਮੇਂ ਬਾਅਦ, ਲਤਾ ਦੀ ਸਵੇਰੇ 8:12 ਵਜੇ ਬ੍ਰੀਚ ਕੈਂਡੀ ਹਸਪਤਾਲ ਮੁੰਬਈ ਵਿੱਚ ਮੌਤ ਹੋ ਗਈ।

ਮੰਗੇਸ਼ਕਰ ਨੇ ਕਈ ਭਾਰਤੀ ਫਿਲਮਾਂ ਲਈ ਇੱਕ ਪਲੇਬੈਕ ਗਾਇਕ ਵਜੋਂ ਕੰਮ ਕੀਤਾ, ਫਿਲਮੀ ਅਦਾਕਾਰਾਂ ਨੂੰ ਪਰਦੇ ਪਿੱਛੋਂ ਸੰਗੀਤ ਪ੍ਰਦਾਨ ਕੀਤਾ। ਉਸਦੀ ਮਿੱਠੀ ਆਵਾਜ਼, ਜੋ ਬੇਮਿਸਾਲ ਆਸਾਨੀ ਨਾਲ ਉੱਚੇ ਪੱਧਰ 'ਤੇ ਪਹੁੰਚ ਚੁਕੀ ਸੀ, ਲਗਭਗ ਹਰ ਭਾਰਤੀ ਘਰ ਵਿੱਚ ਇੱਕ ਸਥਿਰ ਬਣ ਗਈ।

ਕੇਵਲ ਇੱਕ ਹੀ ਤਸੱਲੀ ਹੈ ਕਿ ਭਾਵੇਂ ਉਹਨਾਂ ਦੀ ਮੌਤ ਹੋ ਜਾਵੇਂ, ਉਹਨਾਂ ਦੀ ਆਵਾਜ਼, ਜਿਸਨੇ ਸੱਤ ਦਹਾਕਿਆਂ ਤੋਂ ਵੱਧ ਸਮੇਂ ਤੋਂ ਸਾਡੇ ਦਿਲਾਂ ਨੂੰ ਹਿਲਾਇਆ ਸੀ ਅਤੇ ਸਾਡੀਆਂ ਰੂਹਾਂ ਨੂੰ ਸਕੂਨ ਦਿੱਤਾ ਸੀ, ਜਿਉਂਦੀ ਰਹੇਗਾ।

ਉਹ ਭਾਰਤ ਦੀ ਸਭ ਤੋਂ ਮਸ਼ਹੂਰ, ਸਰਵੋਂਤਮ ਅਤੇ ਸਤਿਕਾਰਤ ਪਲੇਬੈਕ ਗਾਇਕਾਂ ਵਿੱਚੋਂ ਇੱਕ ਸੀ। ਲਤਾ ਮੰਗੇਸ਼ਕਰ ਦਾ ਕਰੀਅਰ 1942 ਵਿੱਚ ਸ਼ੁਰੂ ਹੋਇਆ ਸੀ ਅਤੇ ਅੱਜ ਲਗਭਗ 7 ਦਹਾਕੇ ਬੀਤ ਚੁੱਕੇ ਹਨ। ਉਸਨੇ 1000 ਤੋਂ ਵੱਧ ਹਿੰਦੀ ਫਿਲਮਾਂ ਲਈ ਗੀਤ ਗਾਏ ਹਨ ਅਤੇ 36 ਦੇਸੀ ਭਾਰਤੀ ਭਾਸ਼ਾਵਾਂ ਦੇ ਨਾਲ-ਨਾਲ ਵਿਦੇਸ਼ੀ ਭਾਸ਼ਾਵਾਂ ਵਿੱਚ ਵੀ ਗਾਏ ਹਨ।

ਉਸਨੂੰ ਸਾਲ 1989 ਵਿੱਚ ਵੱਕਾਰੀ ਦਾਦਾ ਸਾਹਿਬ ਫਾਲਕੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ ਜੋ ਕਿ ਭਾਰਤੀ ਸਿਨੇਮਾ ਵਿੱਚ ਸਭ ਤੋਂ ਮਸ਼ਹੂਰ ਪੁਰਸਕਾਰ ਹੈ।

ਉਸਦੀ ਪ੍ਰਸ਼ੰਸਾ ਦੀ ਸੂਚੀ ਇੱਥੇ ਹੀ ਖਤਮ ਨਹੀਂ ਹੁੰਦੀ, ਉਸਨੂੰ ਸਾਲ 1969 ਵਿੱਚ ਪਦਮ ਭੂਸ਼ਣ ਸਾਲ 1999 ਵਿੱਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ ਅਤੇ ਉਹ ਇੱਕਲੌਤੀ ਗਾਇਕਾ ਸੀ।

ਉਹਨਾਂ ਨੂੰ ਨਿਊਯਾਰਕ ਯੂਨੀਵਰਸਿਟੀ ਸਮੇਤ ਕਈ ਯੂਨੀਵਰਸਿਟੀਆਂ ਦੁਆਰਾ ਆਨਰੇਰੀ ਡਾਕਟਰੇਟ ਨਾਲ ਸਨਮਾਨਿਤ ਕੀਤਾ ਗਿਆ ਸੀ

ਉਹ ਲੰਡਨ ਦੇ ਰਾਇਲ ਅਲਬਰਟ ਹਾਲ ਵਿੱਚ ਪ੍ਰਦਰਸ਼ਨ ਕਰਨ ਵਾਲੀ ਪਹਿਲੀ ਭਾਰਤੀ ਸੀ।

ਉਸਦਾ ਅਸਲੀ ਨਾਮ ਹੇਮਾ ਸੀ ਪਰ ਬਾਅਦ ਵਿੱਚ ਬਦਲ ਕੇ ਲਤਾ ਰੱਖ ਦਿੱਤਾ ਗਿਆ, ਮੰਨਿਆ ਜਾਂਦਾ ਹੈ ਕਿ ਲਤਿਕਾ ਨਾਮ ਲਿਆ ਗਿਆ ਸੀ ਜੋ ਉਸਦੇ ਪਿਤਾ ਦੇ ਨਾਟਕ ਵਿੱਚ ਇੱਕ ਪਾਤਰ ਸੀ।

ਸਾਰੀਆਂ ਪ੍ਰੇਰਨਾਦਾਇਕ ਕਹਾਣੀਆਂ ਵਾਂਗ, ਲਤਾ ਜੀ ਦਾ 1940 ਦੇ ਦਹਾਕੇ ਵਿੱਚ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਸ਼ੁਰੂਆਤੀ ਸੰਘਰਸ਼ ਇੱਕ ਅਜਿਹਾ ਸੀ ਜਿਸਨੂੰ ਅਸੀਂ ਕਦੇ ਨਹੀਂ ਭੁੱਲ ਸਕਦੇ। ਉਨ੍ਹਾਂ ਦਿਨਾਂ ਵਿੱਚ, ਉਹ ਇੱਕ ਬੱਸ ਲੈਂਦੀ ਸੀ ਅਤੇ ਪ੍ਰਸਿੱਧ ਸੰਗੀਤ ਨਿਰਮਾਤਾ ਦੇ ਬੈਟਨ ਹੇਠ 'ਸਿੰਗਿੰਗ ਬ੍ਰੇਕ' ਦੀ ਉਮੀਦ ਵਿੱਚ ਨੌਸ਼ਾਦ ਅਲੀ ਨੂੰ ਉਸਦੇ ਘਰ



ਪੱਛਮੀ ਬੰਗਲੇ ਜਾਂ ਸਟੂਡੀਓ ਵਿੱਚ ਮਿਲਣ ਲਈ ਨਿਯਮਿਤ ਤੌਰ 'ਤੇ ਆਪਣੇ ਦੱਖਣੀ ਮੁੰਬਈ ਵਾਲੇ ਘਰ ਤੋਂ ਸਫ਼ਰ ਕਰਦੀ ਸੀ।

ਮੁੰਬਈ ਦੇ ਭਿਆਨਕ ਮੌਨਸੂਨ ਵਿੱਚ, ਉਹ ਨੌਸ਼ਾਦ ਦੇ ਘਰ ਆਉਂਦੀ ਸੀ, ਆਪਣੀ ਟ੍ਰੇਡਮਾਰਕ ਸਾੜੀ ਪਹਿਨ ਕੇ, ਇੱਕ ਛਤਰੀ ਲੈ ਕੇ ਪਰ ਪੂਰੀ ਤਰ੍ਹਾਂ ਨਾਲ ਭਿੱਜ ਜਾਂਦੀ ਸੀ, ਕੰਬਦੀ ਅਤੇ ਬੋਲਣ ਦੇ ਯੋਗ ਨਹੀਂ ਸੀ ਰਹਿੰਦੀ, ਗਾਣਾ ਤਾਂ ਛੱਡੋ। ਸੰਗੀਤ ਨਿਰਦੇਸ਼ਕ ਉਸ ਨੂੰ ਸ਼ਾਂਤ ਕਰਨ ਲਈ ਉਸ ਨੂੰ ਪਾਈਪਿੰਗ ਗਰਮ ਚਾਹ ਅਤੇ ਬਿਸਕੁਟ ਪੇਸ਼ ਕਰਦੇ ਸਨ ਪਰ ਕੋਈ ਗੀਤ ਨਹੀਂ ਗਾਉਣ ਦਾ ਕੋਈ ਮੌਕਾ ਨਹੀਂ ਦੀ ਦਿੱਤਾ ਗਿਆ, ਬੱਸ ਚੱਕਰਾਂ ਤੇ ਲਾਰਿਆਂ ਵਿਚ ਹੀ ਸਭ ਕੁਝ ਘੁੰਮ ਰਿਹਾ ਸੀ।

ਉਹ ਇਸ ਲਈ ਕਿ ਨੌਸ਼ਾਦ ਨੂੰ ਲੱਗ ਰਿਹਾ ਸੀ ਕਿ ਉਸਦੀ ਆਵਾਜ਼ ਉਸ ਦੇ ਸੰਗੀਤ ਸ਼ੈਲੀ ਲਈ ਅਜੇ 'ਪੱਕੀ' ਨਹੀਂ ਸੀ , ਜਿਸ ਕਰਕੇ ਉਹ ਉਸਨੂੰ ਜਲਦੀ ਬਰੇਕ ਨਾ ਦੇਣ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। "ਉਸਦੀ ਬੋਲਚਾਲ ਨੂੰ ਸੁਧਾਰਨ ਅਤੇ ਸ਼ਬਦਾਂ 'ਤੇ ਨਿਯੰਤਰਣ ਕਰਨ ਲਈ, ਨੌਸ਼ਾਦ ਨੇ ਉਸਨੂੰ ਉਰਦੂ ਸਿੱਖਣ ਅਤੇ ਅਭਿਆਸ ਕਰਨ ਦੀ ਸਲਾਹ ਦਿੱਤੀ, ਜੋ ਉਸਨੇ ਕੀਤਾ ... ਅਤੇ ਅੰਤ ਵਿੱਚ, ਉਹ ਉਸ ਨੂੰ ਰਿਕਾਰਡ ਕਰਨ ਲਈ ਤਿਆਰ ਹੋ ਗਿਆ।

ਨੌਸ਼ਾਦ ਦੀਆਂ ਪਹਿਲੀਆਂ ਚੋਣਾਂ ਰਾਜ ਕਰਨ ਵਾਲੇ ਦਿੱਗਜ ਸਨ - ਨੂਰਜਹਾਂ, ਸੁਰੱਈਆ, ਸ਼ਮਸ਼ਾਦ ਬੇਗਮ, ਜ਼ੋਹਰਾ ਅੰਬੇਵਾਲੀ, ਕੁਝ ਨਾਮ ਕਰਨ ਲਈ।

ਸਮੇਂ ਦੇ ਨਾਲ, ਆਪਣੇ ਪਿਤਾ, ਦੀਨਾਨੰਤ ਮੰਗੇਸ਼ਕਰ ਦੁਆਰਾ ਸਿਖਲਾਈ ਪ੍ਰਾਪਤ, ਲਤਾਜੀ ਨੇ ਉਸਤਾਦ ਦੀ ਸਲਾਹ ਨੂੰ ਸਮਝ ਲਿਆ ਅਤੇ ਉਸਦੀ ਪਹਿਲੀ ਵੱਡੀ ਹਿੱਟ - 'ਉਥੈ ਜਾ ਉੱਕੇ ਸੀਤਮ' ('ਅੰਦਾਜ਼', 1949) - ਉਸਦੇ ਸਲਾਹਕਾਰ ਨੌਸ਼ਾਦ ਦੁਆਰਾ ਰਚੀ ਗਈ। ਇਸ ਨਾਲ ਉਹ ਫਿਲਮ ਇੰਡਸਟਰੀ 'ਚ 'ਦਾਖਲ ਹੋਈ।

ਇਸ ਤੋਂ ਬਾਅਦ, ਉਸ ਯੁੱਗ ਦੇ ਚੋਟੀ ਦੇ ਸੰਗੀਤ ਨਿਰਦੇਸ਼ਕਾਂ ਨੇ ਉਸ ਨੂੰ ਲੁਭਾਇਆ, ਅਤੇ ਉਨ੍ਹਾਂ ਵਿੱਚ ਸਚਿਨ ਦੇਵ ਬਰਮਨ, ਹੁਸਨ ਲਾਲ-ਭਗਤ ਰਾਮ (ਭਰਾ), ਗੁਲਾਮ ਹੈਦਰ, ਸਰਦਾਰ ਮਲਿਕ, ਗੁਲਾਮ ਮੁਹੰਮਦ, ਜੈਦੇਵ, ਸਲਿਲ ਚੌਧਰੀ, ਸੀ. ਰਾਮਚੰਦਰ, ਸ਼ੰਕਰ-ਜੈਕਿਸ਼ਨ (ਸਾਥੀ) ਸ਼ਾਮਲ ਸਨ। ), ਰੋਸ਼ਨ, ਮਦਨ ਮੋਹਨ, ਐਮ. ਜ਼ਹੂਰ ਖਯਾਮ, ਕਲਿਆਣਜੀ-ਆਨੰਦਜੀ (ਭਰਾ), ਲਕਸ਼ਮੀਕਾਂਤ-ਪਿਆਰੇਲਾਲ (ਸਾਥੀ), ਸੋਨਿਕ-ਓਮੀ (ਚਾਚਾ-ਭਤੀਜਾ), ਰਵੀ ਕੁਮਾਰ ਸ਼ਰਮਾ ਜਾਂ 'ਰਵੀ', ਸੁਧੀਰ ਫਡਕੇ, ਸੱਜਾਦ ਹੁਸੈਨ, ਊਸ਼ਾ ਖੰਨਾ, ਅਤੇ ਇੱਥੋਂ ਤੱਕ ਕਿ ਏ.ਆਰ ਰਹਿਮਾਨ, ਅਨੂ ਮਲਿਕ, ਰਾਜੇਸ਼ ਰੋਸ਼ਨ, ਆਨੰਦ-ਮਿਲਿੰਦ ਅਤੇ ਜਤਿਨ-ਲਲਿਤ, ਡੰਡੇ ਚਲਾਉਣ ਵਾਲਿਆਂ ਦੀ ਛੋਟੀ ਫਸਲ ਵਿੱਚੋਂ।

ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਨੇ ਆਪਣੀਆਂ ਚੋਟੀ ਦੀਆਂ ਹੀਰੋਇਨਾਂ ਲਈ ਲਤਾਜੀ ਦੀ ਵਿਲੱਖਣ ਆਵਾਜ਼ ਅਤੇ ਸ਼ੈਲੀ ਦਾ ਪ੍ਰਦਰਸ਼ਨ ਕੀਤਾ, ਖਾਸ ਤੌਰ 'ਤੇ ਕਿਉਂਕਿ ਉਹ ਆਪਣੀ ਆਵਾਜ਼ ਨੂੰ ਜ਼ਿਆਦਾਤਰ ਹੀਰੋਇਨਾਂ ਦੇ ਅਨੁਕੂਲ ਬਣਾਉਣ ਲਈ 'ਢਲਾ' ਸਕਦੀ ਸੀ। ਬਿਨਾਂ ਸ਼ੱਕ, ਉਹ ਮਹਿਲਾ ਗਾਇਕਾਂ ਵਿੱਚੋਂ ਪਹਿਲੀ ਬਣ ਗਈ ਸੀ, ਇੱਕ ਅਜਿਹੀ ਸਥਿਤੀ ਜਿਸਦੀ ਮੁਹੰਮਦ ਰਫ਼ੀ ਨੇ ਵੀ ਪ੍ਰਸੰਸਾ ਕੀਤੀ ਸੀ।

ਇਕ ਨਈਅਰ ਹੀ ਹੈ ਜਿਸ ਨੂੰ ਲਤਾ ਦੀ ਆਵਾਜ਼ ਬਹੁਤ ਪਤਲੀ, ਬਹੁਤ ਤਿੱਖੀ ਲੱਗੀ, ਜੋ ਉਸ ਦੀਆਂ ਰਚਨਾਵਾਂ ਦੇ ਅਨੁਕੂਲ ਨਹੀਂ ਸੀ," ਨਈਅਰ ਨੇ ਇੱਕ ਵਾਰ ਕਿਹਾ ਸੀ, ਦਾਅਵਾ ਕੀਤਾ ਸੀ ਕਿ ਉਹ "ਇਕਲੌਤਾ ਸੰਗੀਤ ਨਿਰਦੇਸ਼ਕ ਸੀ ਜੋ ਲਤਾ ਦੀ ਆਵਾਜ਼ ਤੋਂ ਬਿਨਾਂ ਬਾਲੀਵੁੱਡ ਵਿੱਚ ਸਫ਼ਲ ਹੋਇਆ"।

ਉਸਨੇ ਅੱਗੇ ਕਿਹਾ: "ਮੈਨੂੰ ਸ਼ਮਸ਼ਾਦ ਬੇਗਮ, ਗੀਤਾ ਘੋਸ਼-ਦੱਤ, ਆਸ਼ਾ ਭੋਸਲੇ ਦੀ ਇੱਕ ਹੋਰ ਜੋਸ਼ਦਾਰ, ਅਮੀਰ, ਮਿੱਠੀ ਆਵਾਜ਼ ਦੀ ਲੋੜ ਸੀ।" ਇੱਕ ਔਰਤ ਗਾਇਕਾ, ਸੁਮਨ ਕਲਿਆਣਪੁਰ, ਨੂੰ ਲਤਾ ਜੀ ਦੀ ਆਵਾਜ਼ ਨਾਲ ਮੁਕਾਬਲਾ ਕਰਨ ਦੀ ਬਖਸ਼ਿਸ਼ ਸੀ, ਪਰ ਉਹ ਪਰਛਾਵੇਂ ਵਿੱਚ ਰਹਿ ਕੇ ਸੰਤੁਸ਼ਟ ਸੀ, ਫਿਰ ਵੀ ਉਹ ਕੁਝ ਸੰਗੀਤ ਨਿਰਦੇਸ਼ਕਾਂ ਦੁਆਰਾ ਰਚੇ ਗਏ ਸਥਾਈ ਮਾਸਟਰਪੀਸ ਵਿੱਚ ਪ੍ਰਫੁੱਲਤ ਹੋਈ।

ਜਿਵੇਂ ਕਿ ਲਤਾਜੀ ਦੀ ਗਾਇਕੀ ਦੀ ਸ਼ੈਲੀ ਮਾਸਟਰ ਸੰਗੀਤ ਨਿਰਦੇਸ਼ਕਾਂ ਦੇ ਅਧੀਨ ਪਰਿਪੱਕ ਹੋਈ, ਉਸਦੀ ਆਵਾਜ਼ ਨੇ ਉਨ੍ਹਾਂ ਹੀਰੋਇਨਾਂ ਦੀ ਮਦਦ ਕੀਤੀ ਜੋ ਉਸ ਦੀਆਂ ਧੁਨਾਂ 'ਤੇ ਕੰਮ ਕਰਦੀਆਂ ਹਨ ਜਾਂ ਨੱਚਦੀਆਂ ਹਨ, ਜਿਵੇਂ ਕਿ ਮਧੂਬਾਲਾ, ਮੀਨਾ ਕੁਮਾਰੀ, ਨਰਗਿਸ, ਅਮੀਤਾ, ਬੀਨਾ ਰਾਏ, ਵਹੀਦਾ ਰਹਿਮਾਨ, ਵੈਜਯੰਤੀਮਾਲਾ ਬਾਲੀ, ਤਨੂਜਾ, ਸ਼ਰਮੀਲਾ ਟੈਗੋਰੇ। ਆਸ਼ਾ ਪਾਰੇਖ, ਨੂਤਨ, ਸਾਇਰਾ ਬਾਨੋ, ਸਾਧਨਾ ਸ਼ਿਵਦਾਸਾਨੀ, ਬਬੀਤਾ ਕਪੂਰ, ਜ਼ੀਨਤ ਅਮਾਨ, ਪਰਵੀਨ ਬਾਬੀ, ਹੇਮਾ ਮਾਲਿਨੀ, ਰੇਖਾ, ਸ੍ਰੀਦੇਵੀ, ਨੀਤੂ ਸਿੰਘ, ਮਾਧੁਰੀ ਦੀਕਸ਼ਿਤ, ਅਤੇ ਹੋਰ ਬਹੁਤ ਸਾਰੇ 1980 ਦੇ ਦਹਾਕੇ ਤੋਂ ਬਾਅਦ ਦੇ ਨੌਜਵਾਨਾਂ ਤੱਕ, ਖਾਸ ਤੌਰ 'ਤੇ, ਕਾਜੋਲ, ਰਾਣੀ ਮੁਖਰਜੀ ਅਤੇ ਕਰਿਸ਼ਮਾ ਕਪੂਰ।

ਨੂਰਜਹਾਂ ਦੇ ਭਾਰਤ ਤੋਂ ਬਾਹਰ ਨਿਕਲਣ ਅਤੇ 1950ਵਿਆਂ ਦੇ ਅਖੀਰ/1960ਵਿਆਂ ਦੇ ਸ਼ੁਰੂ ਤੱਕ, ਹੋਰ ਉੱਘੀਆਂ ਗਾਇਕਾਵਾਂ ਦੇ ਅਲੋਪ ਹੋ ਜਾਣ ਤੋਂ ਬਾਅਦ, ਲਤਾਜੀ ਮਜ਼ਬੂਤੀ ਨਾਲ ਅਕਾਸ਼ ਦੀਆਂ ਬੁਲੰਦੀਆਂ ਦੇ ਸਿਖਰ 'ਤੇ ਬਿਰਾਜਮਾਨ ਹੋ ਗਈ ਸੀ ਅਤੇ ਕਿਸੇ ਤੋਂ ਵੀ - ਨਿਰਮਾਤਾ, ਨਿਰਦੇਸ਼ਕ, ਸੰਗੀਤਕਾਰ, ਭੈਣ-ਭਰਾ ਜਾਂ ਸਮਕਾਲੀ - ਉਸ ਦੇ ਘਰ ਦੇ ਨੇੜੇ ਕਿਤੇ ਵੀ ਚੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹੈ।

ਬਾਲੀਵੁੱਡ ਕਹਾਣੀਆਂ ਨਾਲ ਭਰਿਆ ਹੋਇਆ ਹੈ ਕਿ ਕਿਵੇਂ ਲਤਾਜੀ ਨੇ ਅੰਤ ਤੱਕ ਆਪਣੀ ਸਥਿਤੀ ਨੂੰ ਬੰਨ੍ਹਿਆ, ਅਕਸਰ ਆਪਣੀਆਂ ਮਾਦਾ ਹਾਣੀਆਂ ਦੇ ਹੱਥਕੰਡੇ ਉਠਾਏ, ਹਾਲਾਂਕਿ ਪੁਰਸ਼ ਗਾਇਕ, ਜਿਵੇਂ ਕਿ ਮੁਹੰਮਦ ਰਫੀ, ਮੁਕੇਸ਼, ਕਿਸ਼ੋਰ ਕੁਮਾਰ, ਮਹਿੰਦਰ ਕਪੂਰ ਅਤੇ ਮੰਨਾ ਡੇ (ਸਾਰੇ ਮ੍ਰਿਤਕ)। ਅਤੇ ਹੋਰ, ਉਸ ਨਾਲ ਇੱਕ ਪੇਸ਼ੇਵਰ ਤਾਲਮੇਲ ਬਣਾਈ ਰੱਖਣ ਦੀ ਚੋਣ ਕੀਤੀ।

28 ਸਤੰਬਰ, 1929 ਨੂੰ ਇੰਦੌਰ (ਮੱਧ ਪ੍ਰਦੇਸ਼) ਵਿੱਚ ਇੱਕ ਸੰਗੀਤਕ ਝੁਕਾਅ ਵਾਲੇ ਪਰਿਵਾਰ ਦੀ ਸਭ ਤੋਂ ਵੱਡੀ ਬੱਚੀ ਦੇ ਰੂਪ ਵਿੱਚ ਜਨਮੀ - ਜਿਸ ਵਿੱਚ ਪਿਤਾ ਦੀਨਾਨਾਥ, ਲਤਾਜੀ, ਮੀਨਾ (ਖਾਦਿਲਕਰ), ਆਸ਼ਾ (ਭੋਸਲੇ), ਊਸ਼ਾ ਅਤੇ ਇਕੱਲੇ ਭਰਾ ਹਿਰਦੇਨਾਥ ਸ਼ਾਮਲ ਸਨ - ਉਸ ਨੇ ਉਸ ਨੂੰ ਪੜ੍ਹਾਇਆ ਸੀ। ਪਿਤਾ ਨੇ ਪੰਜ ਸਾਲ ਦੀ ਉਮਰ ਤੋਂ ਅਤੇ 1942 ਵਿੱਚ ਮੌਤ ਤੱਕ ਆਪਣੇ ਸੰਗੀਤਕ ਸਟੇਜ ਨਾਟਕਾਂ ਵਿੱਚ ਵੀ ਕੰਮ ਕੀਤਾ।

ਇੱਕ ਨਜ਼ਦੀਕੀ ਪਰਿਵਾਰਕ ਦੋਸਤ, ਮਾਸਟਰ ਵਿਨਾਇਕ ਡੀ. ਕਰਨਾਟਕੀ ਦੀ ਮਦਦ ਨਾਲ, ਉਸਨੇ 1945 ਵਿੱਚ ਫਿਲਮ ਉਦਯੋਗ ਦੀ ਰਾਜਧਾਨੀ ਵਿੱਚ ਤਬਦੀਲ ਹੋਣ ਤੋਂ ਪਹਿਲਾਂ 1943 ਵਿੱਚ ਇੱਕ ਪਹਿਲੇ ਮਰਾਠੀ ਗੀਤ ਅਤੇ ਇੱਕ ਪਹਿਲੇ ਹਿੰਦੀ ਗੀਤ ਨਾਲ ਉਸ ਸਾਲ ਗਾਉਣ ਅਤੇ ਅਦਾਕਾਰੀ ਵਿੱਚ ਪੈਰ ਰੱਖਿਆਂ ਸੀ।

ਬੰਬਈ ਵਿੱਚ, ਉਸਨੇ ਸ਼ਾਸਤਰੀ ਸੰਗੀਤ ਸਿੱਖਿਆ ਅਤੇ ਗੁਲਾਮ ਹੈਦਰ ਦੀ ਪੂਰੀ ਮਦਦ ਨਾਲ 'ਦਿਲ ਮੇਰਾ ਟੋਡਾ, ਮੁਝੇ ਕਹੀਂਕਾ ਨਾ ਛੋੜਾ' ('ਮਜਬੂਰ', 1948) ਨਾਲ ਆਪਣੇ ਵੱਡੇ ਬ੍ਰੇਕ ਤੱਕ, ਅਜੀਬ ਗੀਤ ਗਾਉਣਾ ਜਾਰੀ ਰੱਖਿਆ। ਉਸਨੇ ਬਾਅਦ ਵਿੱਚ ਉਸਦੇ "ਗੌਡਫਾਦਰ" ਵਜੋਂ ਵਰਣਨ ਕੀਤਾ।

ਨੂਰਜਹਾਂ ਵਰਗੇ ਕੋਲੋਸਸ ਦੇ ਨਾਲ, ਲਤਾਜੀ ਨੇ ਉਸ ਨੂੰ ਕੁਝ ਹੋਰ ਹਿੱਟ ਗੀਤਾਂ ਨਾਲ ਜਾਰੀ ਰੱਖਿਆ - 'ਆਏਗਾ ਆਨੇਵਾਲਾ' ('ਮਹਿਲ', 1949) ਅਤੇ 'ਉਥੈ ਜਾ ਉੱਕੇ ਸੀਤਮ' ('ਅੰਦਾਜ਼', 1949), ਜਿਸ ਨੇ ਧਮਾਕੇ ਨਾਲ ਬਾਲੀਵੁੱਡ ਵਿੱਚ ਆਪਣੇ ਪ੍ਰਵੇਸ਼ ਦੀ ਸ਼ੁਰੂਆਤ ਕੀਤੀ।

ਇਸ ਦੇ ਨਾਲ ਹੀ, ਉਸਨੇ ਸੰਗੀਤਕਾਰ, ਜਾਂ ਨਾਇਕਾ, ਜਾਂ ਗੀਤ ਦੀ ਸਥਿਤੀ 'ਤੇ ਨਿਰਭਰ ਕਰਦਿਆਂ ਕਲਾਸੀਕਲ, ਦੁਖਦਾਈ, ਸੁਰੀਲੀ, ਕਾਮੁਕ, ਉਦਾਸੀ, ਹਲਕੀ, ਸ਼ਰਾਰਤੀ, ਸ਼ਰਾਰਤੀ, ਆਪਣੀ ਸ਼੍ਰੇਣੀ ਦੇ ਨਾਲ, ਗੈਰ-ਫਿਲਮੀ ਗੀਤਾਂ ਦੇ ਨਾਲ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਗਾਇਆ।

ਲਤਾਜੀ ਨੇ ਐਸਪੀ ਬਾਲਾਸੁਬਰਾਮਨੀਅਮ, ਅਮਿਤ ਕੁਮਾਰ, ਸ਼ਬੀਰ ਕੁਮਾਰ, ਨਿਤਿਨ ਮੁਕੇਸ਼, ਅਨਵਰ, ਉਦਿਤ ਨਰਾਇਣ ਅਤੇ ਸੋਨੂੰ ਨਿਗਮ ਵਰਗੇ ਪੁਰਸ਼ ਗਾਇਕਾਂ ਦੇ ਨਾਲ ਮਾਹਰ ਅਤੇ ਆਸਾਨੀ ਨਾਲ ਗਾਇਆ ਅਤੇ ਆਪਣੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ।

ਦਹਾਕਿਆਂ ਦੌਰਾਨ, ਉਸਨੂੰ ਬਹੁਤ ਸਾਰੇ ਇਨਾਮਾਂ ਅਤੇ ਸਨਮਾਨਾਂ ਨਾਲ ਸਨਮਾਨਿਆਂ ਗਿਆ - ਤਿੰਨ ਪਦਮ ਪੁਰਸਕਾਰ, ਪੰਜ ਫਿਲਮਫੇਅਰ ਅਵਾਰਡ, ਦਾਦਾ ਸਾਹਿਬ ਫਾਲਕੇ ਅਵਾਰਡ - 2001 ਵਿੱਚ ਭਾਰਤ ਰਤਨ ਦੁਆਰਾ ਸੀਮਿਤ। ਇਸ ਤੋਂ ਵੱਧ, ਰਾਜ ਸਰਕਾਰਾਂ ਨੇ ਉਸਦੇ ਨਾਮ 'ਤੇ ਪੁਰਸਕਾਰਾਂ ਅਤੇ ਸੰਸਥਾਵਾਂ ਦਾ ਨਾਮ ਰੱਖਿਆ।

ਜੇਕਰ ਸਰੋਤਾਂ ਦੀ ਮੰਨੀਏ ਤਾਂ ਲਤਾ ਮੰਗੇਸ਼ਕਰ ਦੁਆਰਾ ਗਾਇਆ ਗਿਆ ਆਖ਼ਰੀ ਗੀਤ ਹੈ ਜੀਨਾ ਕੀ ਹੈ, ਡੰਨੋ ਵਾਈ2 ਦਾ ਜਾਨਾ ਮੈਂ... ਲਾਈਫ ਇਜ਼ ਏ ਮੋਮੈਂਟ (2015)। ਉਸਨੇ ਇਹ ਗੀਤ 2011 ਵਿੱਚ ਸਤਰੰਗੀ ਪੈਰਾਸ਼ੂਟ ਤੋਂ 'ਤੇਰੇ ਹਸਨੇ ਸੇ...' ਗਾਉਣ ਤੋਂ ਬਾਅਦ ਲਗਭਗ 4 ਸਾਲਾਂ ਦੇ ਵਕਫੇ ਬਾਅਦ ਗਾਇਆ ਸੀ।

ਮੌਤ ਨੇ ਉਸ ਨੂੰ ਸਰੀਰਕ ਤੌਰ 'ਤੇ ਹੀ ਦੂਰ ਕਰ ਦਿੱਤਾ ਹੈ ਪਰ ਉਹ ਜੋ ਵਿਰਾਸਤ ਛੱਡ ਗਏ ਹਨ ਉਹ ਦਹਾਕਿਆਂ ਤੱਕ ਸਾਡੇ ਮਨਾਂ ਵਿਚ ਸਾਡੇ ਦਿਲਾਂ ਵਿਚ ਸਾਡੇ ਕੰਨਾਂ ਵਿਚ ਗੂੰਜਦੀ ਰਹੇਗੀ।

# ਰਾਹੁਲ ਨੇ 'ਮੀ ਟੂ' ਤੇ ਦਾਗੀਂ ਚੰਨੀ ਨੂੰ ਚੁਣਦਿਆਂ ਦੱਸਿਆ ਕਿ ਕਾਂਗਰਸ 'ਚ 'ਬੱਸ ਇਹ ਹੀ ਕੁਝ' ਹੈ

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਰੇਤ ਮਾਫ਼ੀਆ ਨਾਲ ਸੰਬੰਧ ਹੋਣ ਦੇ ਇਲਜ਼ਾਮਾਂ ਤੋਂ ਇਲਾਵਾ 'ਮੀ ਟੂ' ਵਰਗੇ ਅਨੈਤਿਕ ਤੇ ਸ਼ਰਮਨਾਕ 'ਚੰਨ' ਚਾੜ੍ਹਨ ਵਾਲੇ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਚੋਣਾਂ ਲਈ ਕਾਂਗਰਸ ਦਾ ਮੁੱਖ ਮੰਤਰੀ ਉਮੀਦਵਾਰ ਐਲਾਨ ਕਰਦਿਆਂ ਪੰਜਾਬ ਦੀ ਸਮਾਜਿਕ ਆਬੋ ਹਵਾ ਤੇ ਸਭਿਆਚਾਰਕ ਕਦਰਾਂ ਕੀਮਤਾਂ ਪ੍ਰਤੀ ਕੋਈ ਹੇਜ ਜਾਂ ਪ੍ਰਵਾਹ ਨਾ ਹੋਣ ਦਾ ਜਿੱਥੇ ਸੰਕੇਤ ਦਿੱਤਾ ਹੈ ਉੱਥੇ ਉਨ੍ਹਾਂ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਕਾਂਗਰਸ ਕੋਲ 'ਇਹ ਹੀ ਕੁਝ ਹੈ' ਹੋਰ ਕੁਝ ਨਹੀਂ। ਆਮ ਕਰ ਕੇ ਪੰਜਾਬ ਕਾਂਗਰਸ ਦਾ ਪ੍ਰਧਾਨ ਹੀ ਮੁੱਖ ਮੰਤਰੀ ਲਈ ਚਿਹਰਾ ਹੋਇਆ ਕਰਦਾ ਸੀ। ਬੇਸ਼ੱਕ ਮੌਜੂਦਾ ਪ੍ਰਦੇਸ਼ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੋਂ ਅਤੀਤ ਦੌਰਾਨ ਉਸ ਵੱਲੋਂ ਸੋਨੀਆ ਗਾਂਧੀ ਨੂੰ 'ਮੁਨੀ ਬਦਨਾਮ ਹੋਈ, ਜਲੇਬੀ ਬਾਈ ਜਾਂ ਰਾਹੁਲ ਨੂੰ ਪੱਪੂ ਦੱਸਣ ਦਾ ਉਸ ਤੋਂ ਸੋਹਣਾ ਬਦਲਾ ਲਿਆ ਗਿਆ ਹੋਵੇ। ਸਿੱਧੂ, ਜੋ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਦਾ ਆ ਰਿਹਾ ਸੀ, ਦੇ ਪੱਲੇ ਅੱਜ ਨਿਰਾਸ਼ਾ ਪਈ। ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫ਼ੇ ਤੋਂ ਬਾਅਦ ਬਹੁਗਿਣਤੀ ਵਿਧਾਇਕਾਂ ਵੱਲੋਂ ਨਾਪਸੰਦ ਕੀਤੇ ਗਏ ਸਿੱਧੂ ਵੱਲੋਂ ਹੁਣ ਵੀ ਦਰਸ਼ਨੀ ਘੋੜਾ ਨਾ ਬਣਨ ਦੀ ਗਲ 'ਤੇ ਸਿੱਧੂ ਸਾਹਿਬ ਨੂੰ ਮੇਰਾ ਇਕ ਮਸ਼ਵਰਾ ਹੈ ਕਿ ਲੋਕ ਚੜ੍ਹਦੇ ਸੂਰਜ ਨੂੰ ਸਲਾਮ ਅਤੇ ਡੁੱਬਦੇ ਦਾ ਕੇਵਲ ਨਜ਼ਾਰਾ ਹੀ ਤੱਕਦੇ ਹਨ। ਹੁਣ ਇਸ 'ਤੇ ਕਿਵੇਂ ਤਾਲੀ ਠੋਕਣੀ ਹੈ ਇਹ ਸਿੱਧੂ ਹੀ ਦਸ ਸਕਦਾ ਹੈ। ਸਿੱਧੂ ਵੱਲੋਂ ਮੁੱਖ ਮੰਤਰੀ ਚਿਹਰਾ ਬਣ ਕੇ ਸਰਕਾਰ ਬਣਨ 'ਤੇ ਫ਼ੈਸਲਾ ਲੈਣ ਦੀ ਖੁੱਲ ਹਾਸਲ ਕਰਦਿਆਂ ਮਾਫ਼ੀਆ ਰਾਜ ਖ਼ਤਮ ਕਰ ਕੇ ਪੰਜਾਬ ਨੂੰ ਖ਼ੁਸ਼ਹਾਲੀ ਵਲ ਲੈ ਜਾਣ ਪ੍ਰਤੀ ਕਿ, 'ਜੇ ਮਾਫ਼ੀਏ ਦਾ ਬੰਦਾ ਅੱਗੇ ਲਗਾਉਣਗੇ ਤਾਂ ਲੋਕ ਦੁਰ ਲਾਹਨਤ ਕਹਿ ਕੇ ਨਕਾਰ ਦੇਣਗੇ' ਤੋਂ ਜ਼ਾਹਿਰ ਹੈ ਕਿ ਉਹ ਮੌਜੂਦਾ ਸੱਤਾਧਾਰੀ ਨੂੰ ਮਾਫ਼ੀਏ ਦਾ ਬੰਦਾ ਅਤੇ ਚੋਰ ਹੀ ਮੰਨਦਾ ਆਇਆ ਹੈ। ਚੰਨੀ ਦੇ ਭਾਣਜੇ ਭੁਪਿੰਦਰ ਸਿੰਘ ਹਨੀ ਵਲ ਈਡੀ ਦੀ ਛਾਪੇਮਾਰੀ ਤੋਂ ਬਾਅਦ ਉਸ ਨੂੰ ਵੀ ਰੇਤ ਮਾਫ਼ੀਏ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਬੇਸ਼ੱਕ ਕਾਂਗਰਸ ਹਾਈਕਮਾਨ ਇਸ ਗਲ ਨੂੰ ਸਿਆਸਤ ਨਾਲ ਜੋੜਦਾ ਹੋਵੇ ਪਰ ਹਕੀਕਤ ਇਹ ਹੈ ਕਿ ਚੰਨੀ 'ਤੇ ਮਾਈਨਿੰਗ ਕਾਰੋਬਾਰ ਨਾਲ ਜੁੜੇ ਹੋਣ ਦਾ ਦੋਸ਼ ਪਹਿਲਾਂ ਹੀ ਲਗ ਚੁੱਕਿਆ ਹੈ ਜਦ ਮਾਰਚ 2018 ਦੌਰਾਨ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਮੰਤਰੀ ਚੰਨੀ 'ਤੇ ਗੈਰ ਕਾਨੂੰਨੀ ਮਾਈਨਿੰਗ 'ਚ ਸ਼ਾਮਿਲ ਹੋਣ ਦਾ ਦੋਸ਼ ਲਾਇਆ ਕਿ ਚੰਨੀ ਨੇ ਆਪਣੇ ਭਾਣਜੇ ਹਨੀ ਦੁਆਰਾ ਉਸ ਦੇ ਬਿਜ਼ਨਸ ਪਾਰਟਨਰ ਕੁਦਰਤ ਦੀਪ ਸਿੰਘ ਲੁਧਿਆਣਾ ਦੀ ਫ਼ਰਮ ਨੂੰ ਨਵਾਂ ਸ਼ਹਿਰ ਦੀ ਮਲਿਕਪੁਰ ਮਾਈਨ ਅਲਾਟ ਕਰਾਉਣ ਤੇ ਕਾਲਾ ਧਨ ਨਿਵੇਸ਼ ਕਰਨ ਦਾ ਦੋਸ਼ ਲਾਉਂਦਿਆਂ ਜਾਂਚ ਦੀ ਮੰਗ ਕੀਤੀ ਸੀ। ਵਿਵਾਦਾਂ ਨਾਲ ਨਾਤਾ ਗਹਿਰਾ ਰਿਹਾ, ਉਸੇ ਸਾਲ 'ਚ ਸ: ਚੰਨੀ ਇਕ ਮਹਿਲਾ ਆਈ ਏ ਐਸ ਅਧਿਕਾਰੀ ਨੂੰ ਅਸ਼ਲੀਲ ਸੰਦੇਸ਼ ਭੇਜਣ ਦੇ 'ਮੀ ਟੂ' 'ਚ ਘਿਰਦੇ ਨਜ਼ਰ ਆਏ ਜਦ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਖ਼ਲ ਨਾਲ ਇਹ ਮਾਮਲਾ ਪੀੜਤ ਅਧਿਕਾਰੀ ਤੋਂ ਮੁਆਫ਼ੀ ਮੰਗਦਿਆਂ ਸੁਲਝਾਉਣਾ ਪਿਆ। ਇਸੇ ਸਾਲ 'ਚ ਹੀ ਮੰਤਰੀ ਸ: ਚੰਨੀ ਖਰੜ ਵਿਖੇ ਆਪਣੇ ਗ੍ਰਹਿ ਵਿਖੇ ਹਾਥੀ ਦੀ ਸਵਾਰੀ ਕਰਨ ਨੇ ਲੋਕਾਂ ਨੂੰ ਜਿੱਥੇ ਖ਼ੂਬ ਖ਼ੁਸ਼ ਕੀਤਾ

> ਸਿਆ-ਸਤ ਤੇ ਪ੍ਰਸ਼ਾਸਨ 'ਚ ਭ੍ਰਿਸ਼ਟਾਚਾਰ ਤੇ ਅਪਰਾਧੀਕਰਨ ਦੇ ਖ਼ਾਤਮੇ ਦੀ ਲੋਚਾ ਲੈ ਕੇ ਰਾਜਨੀਤੀ 'ਚ ਪ੍ਰਵੇਸ਼ ਪਾਉਣ ਵਾਲੇ ਰਾਹੁਲ ਗਾਂਧੀ ਵੀ ਵਾਅਦੇ 'ਤੇ ਖਰਾ ਨਾ ਉੱਤਰ ਪਾਇਆ।





ਉੱਥੇ ਹੀ ਲੈਕਚਰਾਰ ਦੇ ਅਹੁਦੇ ਲਈ ਦੋ ਉਮੀਦਵਾਰਾਂ ਵਿਚਕਾਰ ਫ਼ੈਸਲਾ ਲੈਣ ਲਈ ਸਿੱਕਾ ( ਟਾਸ) ਉਛਾਲੇ ਜਾਣ ਬਾਰੇ ਬਣੀ ਵੀਡੀਓ ਸਾਹਮਣੇ ਆਉਣ ਨਾਲ ਕਾਂਗਰਸ ਸਰਕਾਰ ਨੂੰ ਨਮੋਸ਼ੀ ਸਹਿਣੀ ਪਈ। ਹਾਲ ਹੀ ਵਿਚ ਮੁੱਖ ਮੰਤਰੀ ਬਣਦਿਆਂ ਹੀ ਚੰਡੀਗੜ੍ਹ ਰਿਹਾਇਸ਼ ਦੇ ਸਾਹਮਣੇ ਪਾਰਕ ਵਿਚੋਂ ਆਪਣੇ ਲਈ ਗੈਰ ਕਾਨੂੰਨੀ ਸੜਕ ਦਾ ਨਿਰਮਾਣ ਕਰਾਇਆ ਗਿਆ ਜਿਸ ਨੂੰ ਪ੍ਰਸ਼ਾਸਨ ਨੇ ਘੰਟਿਆਂ ਬਾਅਦ ਹੀ ਢਾਹ ਦਿੱਤਾ ਸੀ। ਚੰਨੀ ਦੀ ਕਾਮਯਾਬੀ ਉਸ ਦਾ ਹਾਈਕਮਾਨ ਪ੍ਰਤੀ ਸੁਆਮੀ ਭਗਤੀ ਅਤੇ ਮਾਫ਼ੀਏ ਦੇ ਲੋਕਾਂ ਦੇ ਕਾਰੋਬਾਰ ਤੋਂ ਇਲਾਵਾ ਟਰਾਂਸਫ਼ਰ ਪੋਸਟਿੰਗ ਲਈ ਚੰਨੀ ਦਾ ਫਿਟ ਬੈਠਣਾ ਹੈ।

ਸਿੱਧੂ ਪਹਿਲਾਂ ਹੀ ਕਹਿ ਚੁੱਕਿਆ ਹੈ ਕਿ ''ਉੱਪਰਲੇ (ਹਾਈਕਮਾਂਡ) ਤਾਂ ਚਾਹੁੰਦੇ ਕਿ ਕੋਈ ਕਮਜ਼ੋਰ ਜਿਹਾ ਮੁੱਖ ਮੰਤਰੀ ਹੋਵੇ ਜਿਹੜਾ ਇਨ੍ਹਾਂ ਦੀ ਤਾਲ 'ਤੇ ਨੱਚੇ'' ਸਿੱਧੂ ਦੀ ਗਲ ਸੱਚ ਹੋਈ। ਪੰਜਾਬ ਕਾਂਗਰਸ ਕੋਲ ਮੁੱਖ ਮੰਤਰੀ ਉਮੀਦਵਾਰ ਲਈ ਸ: ਚੰਨੀ ਤੋਂ ਬੇਹਤਰ ਬਦਲ ਪ੍ਰਤਾਪ ਸਿੰਘ ਬਾਜਵਾ, ਸੁਨੀਲ ਜਾਖੜ ਅਤੇ ਸੁਖਜਿੰਦਰ ਸਿੰਘ ਰੰਧਾਵਾ ਦੇ ਰੂਪ ਵਿਚ ਕਈ ਮੌਜੂਦ ਹਨ। ਕੀ ਇਨ੍ਹਾਂ ਆਗੂਆਂ ਨੂੰ ਆਖੋ ਪਰੋਖੇ ਕਰਦਿਆਂ ਗਾਂਧੀ ਪਰਿਵਾਰ ਦੇ ਇਸ ਸ਼ਹਿਜ਼ਾਦੇ ਰਾਹੁਲ ਨੇ ਇਨ੍ਹਾਂ ਕਦਾਵਰ ਅਤੇ ਤਜਰਬੇਕਾਰ ਸਿਆਸਤਦਾਨਾਂ ਦੇ ਅੱਗੇ ਵਧਣ ਦਾ ਰਾਹ ਨਹੀਂ ਰੋਕ ਲਿਆ? ਕੈਪਟਨ ਅਮਰਿੰਦਰ ਸਿੰਘ ਨੂੰ ਪਹਿਲਾਂ ਹੀ ਉਹ ਹਾਸ਼ੀਏ ਤੋਂ ਬਾਹਰ ਕਰ ਚੁੱਕੇ ਹਨ। ਉਸ ਦੇ ਕਹਿਣ ਮੁਤਾਬਿਕ ਕਿ ''ਅਸੀਂ ਗ਼ਰੀਬ ਘਰ ਦਾ ਮੁੱਖ ਮੰਤਰੀ ਚਾਹੁੰਦੇ ਹਾਂ'' ਤਾਂ ਵੀ ਇਹ ਸੋਚਣ ਲਈ ਮਜਬੂਰ ਹੋਣਾ ਪਵੇਗਾ ਕਿ ਅਜ਼ਾਦੀ ਉਪਰੰਤ 60 ਸਾਲ ਤਕ ਦੇਸ਼ 'ਤੇ ਗ਼ਰੀਬੀ ਖ਼ਤਮ ਕਰਨ ਦੇ ਨਾਮ 'ਤੇ ਰਾਜ ਕਰਨ ਵਾਲੇ ਗਾਂਧੀ ਪਰਿਵਾਰ ਨੇ ਦੇਸ਼ 'ਚੋ ਗ਼ਰੀਬੀ ਦੂਰ ਕਰਨ ਲਈ ਕੋਈ ਪ੍ਰਾਪਤੀ ਕਿਉਂ ਨਹੀਂ ਕੀਤੀ? ਅੱਜ ਵੀ ਲੋਕ ਗ਼ਰੀਬੀ ਹੰਢਾਉਣ ਲਈ ਕਿਉਂ ਮਜਬੂਰ ਹਨ? ਕੁਝ ਵੀ ਹੋਵੇ ਰਾਹੁਲ ਦੇ ਬੋਲਾਂ ਅਤੇ ਫ਼ੈਸਲਿਆਂ ਤੋਂ ਅੱਜ ਵੀ ਉਨ੍ਹਾਂ ਦਾ ਅਨਾੜੀ ਪੁਣਾ ਜ਼ਾਹਿਰ ਹੋ ਜਾਂਦਾ ਹੈ। ਆਪਣੇ ਬੋਲਾਂ 'ਚ ਆਪਣੇ ਪਰਿਵਾਰ ਦੀ ਵਡਿਆਈ ਕਰਨ ਲੱਗਿਆਂ ਉਸ ਲਈ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਉਨ੍ਹਾਂ ਦੇ ਪਰਿਵਾਰ ਦਾ ਰਿਕਾਰਡ ਪੂਰੀ ਤਰਾਂ ਦੋਸ਼ ਮੁਕਤ ਨਹੀਂ ਹੈ। ਉਨ੍ਹਾਂ ਦੀ ਦਾਦੀ ਇੰਦਰਾ ਗਾਂਧੀ ਨੇ ਭਾਰਤ 'ਚ ਐਮਰਜੈਂਸੀ ਲਗਾ ਕੇ ਬੁਨਿਆਦੀ ਅਧਿਕਾਰਾਂ ਦਾ ਹਨਨ ਕਰਦਿਆਂ ਲੋਕਤੰਤਰਿਕ ਦੇਸ਼ ਨੂੰ ਇਕ ਸੱਤਾਵਾਦੀ ਤਾਨਾਸ਼ਾਹੀ ਰਾਜ 'ਚ ਬਦਲ ਦਿੱਤਾ ਸੀ। ਜੂਨ '84 ਦੌਰਾਨ ਸਿੱਖਾਂ ਦੇ ਧਰਮ ਅਸਥਾਨ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਦਿਆਂ ਗੁਰਪੁਰਬ ਮਨਾ ਰਹੀਆਂ ਹਜ਼ਾਰਾਂ ਸੰਗਤਾਂ ਨੂੰ ਸ਼ਹੀਦ ਕਰਾਇਆ। ਨਵੰਬਰ '84 'ਚ ਰਾਜੀਵ ਗਾਂਧੀ ਦੁਆਰਾ ਜੋ ਦਿਲੀ ਸਮੇਤ ਹੋਰਾਂ ਸ਼ਹਿਰਾਂ 'ਚ ਸਿੱਖਾਂ ਦੀ ਬੇਰਹਿਮੀ ਨਾਲ ਹੱਤਿਆਵਾਂ ਤੇ ਔਰਤਾਂ ਨੂੰ ਬੇਆਬਰੂ ਕਰਾਇਆ ਗਿਆ ਉਸ ਦਾ ਜਖਮ ਅੱਜ ਵੀ ਸਿੱਖ ਕੌਮ ਹੰਢਾ ਰਿਹਾ ਹੈ। ਖੇਤੀ ਕਾਨੂੰਨ ਖ਼ਿਲਾਫ਼ ਅੰਦੋਲਨ ਦੌਰਾਨ 700 ਕਿਸਾਨਾਂ ਦੀ ਕੁਰਬਾਨੀ ਨੂੰ ਲੈ ਕੇ ਭਾਜਪਾ 'ਤੇ ਨਿਸ਼ਾਨੇ ਵਿੰਨ੍ਹਣ ਵਾਲੇ ਰਾਹੁਲ ਦੇ ਚਹੇਤੇ ਸ: ਚੰਨੀ ਨੂੰ ਇਹ ਵੀ ਦੱਸਣਾ ਚਾਹੀਦਾ ਸੀ ਕਿ ਨਵੰਬਰ '84 ਦੌਰਾਨ ਦਿਲੀ ਸਮੇਤ ਅਨੇਕਾਂ ਸ਼ਹਿਰਾਂ 'ਚ ਕਾਂਗਰਸ ਦੀ ਅਗਵਾਈ 'ਚ 7 ਹਜ਼ਾਰ ਤੋਂ ਵਧ ਨਿਰਦੋਸ਼ ਸਿੱਖਾਂ ਦੇ ਕਤਲੇਆਮ ਲਈ ਕੌਣ ਦੋਸ਼ੀ ਤੇ ਜ਼ੰਮੇਵਾਰ ਹਨ? 8 ਤੋਂ ਵਧ ਜਾਂਚ ਕਮਿਸ਼ਨਾਂ ਦੀਆਂ ਰਿਪੋਰਟਾਂ ਸਾਹਮਣੇ ਹੋਣ ਦੇ ਬਾਵਜੂਦ 36 ਸਾਲਾਂ ਤਕ ਦੋਸ਼ੀਆਂ 'ਤੇ ਗਾਂਧੀ ਪਰਿਵਾਰ ਦੀ ਅਗਵਾਈ ਵਾਲੀਆਂ ਸਰਕਾਰਾਂ ਨੇ ਕਿਉਂ ਨਹੀਂ ਕਾਰਵਾਈ ਕੀਤੀ? ਕਿਸੇ ਅਧਿਕਾਰ ਨਾਲ ਦੋਸ਼ੀਆਂ ਨੂੰ ਉੱਚੇ ਰੁਤਬਿਆਂ ਨਾਲ ਨਿਵਾਜੇ ਗਏ ਤੇ ਅੱਜ ਤਕ ਵੀ ਕਿਉਂ ਨਿਵਾਜੇ ਜਾ ਰਹੇ ਹਨ? ਇਸ ਬਾਰੇ ਰਾਹੁਲ ਅਤੇ ਕਾਂਗਰਸ ਆਗੂਆਂ ਨੂੰ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਵੀ ਪੜ੍ਹਨੀ ਚਾਹੀਦੀ ਹੈ। ਮੈਨੂੰ ਯਾਦ ਹੈ ਭਾਰਤੀ ਸਿਆਸਤ ਨੂੰ ਦਾਗ਼ੀਆਂ ਤੋਂ ਮੁਕਤ ਤੇ ਸਾਫ਼ ਸੁਥਰਾ ਪ੍ਰਸ਼ਾਸਨ ਦੇਣ ਦੇ ਦਾਅਵੇ ਨਾਲ ਸਿਆਸਤ ਵਿਚ ਕਦਮ ਰੱਖਦਿਆਂ ਰਾਹੁਲ ਗਾਂਧੀ ਨੇ ਗਵਾਲੀਅਰ 'ਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਭ੍ਰਿਸ਼ਟਾਚਾਰ ਅਤੇ ਅਪਰਾਧੀ ਮੁਕਤ ਸ਼ਾਸਨ ਤੇ ਸਿਆਸਤ ਲਈ ਨੌਜਵਾਨਾਂ ਨੂੰ ਰਾਜਨੀਤੀ ਵਿਚ ਸ਼ਾਮਿਲ ਹੋਣ ਦੀ ਅਪੀਲ ਕਰਦਿਆਂ ਉਸ ਨੇ ਲੋਕਾਂ ਨੂੰ ਬੜੀ ਆਸ ਜਗਾਈ ਸੀ। ਪਰ ਉਹ ਆਪਣੇ ਵਾਅਦੇ 'ਤੇ ਖਰਾ ਨਾ ਉਤਰ ਸਕਿਆ, ਅੱਜ 'ਚੰਨੀ' ਵਰਗੇ ਦਾਗੀਂ ਅਤੇ ਪਿਛਲੀ ਕਾਂਗਰਸ ਸਰਕਾਰ ਸਮੇਂ ਵਿਧਾਨ ਸਭਾ ਵਿਚ ਸਰਕਾਰ ਦੀ ਕੋਈ ਇਕ ਪ੍ਰਾਪਤੀ ਦੱਸਣ ਲਈ ਕਹੇ ਜਾਣ 'ਤੇ ਸੜਕਾਂ ਨੂੰ ਪਚ ਲਾਉਣ ਨੂੰ ਵੱਡੀ ਪ੍ਰਾਪਤੀ ਦੱਸਣ ਵਾਲੇ ਤਜਰਬੇਕਾਰ, ਸੂਝ ਸਿਆਣਪ ਤੇ ਪ੍ਰੌੜ੍ਹ ਸਿਆਸਤਦਾਨ ਦੀ ਚੋਣ ਕਾਰਨ ਰਾਹੁਲ ਦੀ ਦਿਆਨਤਦਾਰੀ ਤੇ ਸਿਆਣਪ 'ਤੇ ਸਵਾਲ ਉੱਠਣਾ ਕੁਦਰਤੀ ਹੈ।

*-ਪ੍ਰੋ: ਸਰਚਾਂਦ ਸਿੰਘ ਖਿਆਲਾ*

## ਚੰਨੀ ਨੇ ਕਦੇ ਵੀ ਐਸ ਸੀ ਵਿਦਿਆਰਥੀਆਂ ਨਾਲ ਹੋਏ ਅਨਿਆਂ ਲਈ ਆਵਾਜ਼ ਬੁਲੰਦ ਨਹੀਂ ਕੀਤੀ: ਸੁਖਬੀਰ

ਲੁਧਿਆਣਾ, 7 ਫਰਵਰੀ (ਗਿਆਨ ਸਿੰਘ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਕ ਮੁੱਖ ਮੰਤਰੀ ਜਿਸਦੇ ਭਾਣਜੇ ਤੋਂ ਐਨਫੋਰਸਮੈਂਟ ਡਾਇਰੈਕਟੋਰੇਟ ਨੇ 10 ਕਰੋੜ ਰੁਪਏ ਨਗਦ, ਵੱਡੀ ਮਾਤਰਾ ਵਿਚ ਸੋਨਾ ਤੇ 56 ਕਰੋੜ ਰੁਪਏ ਦੀ ਨਜਾਇਜ਼ ਜਾਇਦਾਦ ਦੇ ਕਾਗਜ਼ ਬਰਾਮਦ ਕੀਤੇ ਹੋਣ , ਉਹ ਕਿਸੇ ਵੀ ਪੈਮਾਨੇ ਤੋਂ ਗਰੀਬ ਨਹੀਂ ਹੋ ਸਕਦਾ।



ਅਕਾਲੀ ਦਲ ਦੇ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਚੰਨੀ ਨੂੰ ਗਰੀਬ ਮੁੱਖ ਮੰਤਰੀ ਦੱਸਣ ਬਾਰੇ ਮੀਡੀਆ ਦੇ ਸਵਾਲਾ ਦਾ ਜਵਾਬ ਦੇ ਰਹੇ ਸਨ। ਉਹਨਾਂ ਕਿਹਾ ਕਿ ਇਹ ਹਰ ਕੋਈ ਜਾਣਦਾ ਹੈ ਕਿ ਚੰਨੀ ਜੋ ਗੈਰ ਕਾਨੂੰਨੀ ਕਲੋਨੀਆਂ ਕੱਟਣ ਦਾ ਮਾਹਿਰ ਹੈ, ਰੇਤ ਮਾਫੀਆ ਦਾ ਸਰਗਨਾ ਹੈ ਜਿਸਨੇ 500 ਕਰੋੜ ਰੁਪਏ ਨਾਲੋਂ ਵੱਧ ਬਣਾਏ ਹਲ।ਉਹਨਾਂ ਕਿਹਾ ਕਿ ਜੇਕਰ ਅਸੀਂ ਚੰਨੀ ਦੀ ਦੌਲਤ ਮਾਪਣ ਲਈ ਰਾਹੁਲ ਗਾਂਧੀ ਦਾ ਪੈਮਾਨਾ ਵਰਤਾਂਗੇ ਤਾਂ ਫਿਰ ਗਾਂਧੀ ਪਰਿਵਾਰ ਵੀ ਬਹੁਤ ਗਰੀਬ ਨਜ਼ਰ ਆਵੇਗਾ।

ਜਦੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਬਾਰੇ ਪੁੱਛਿਆ ਗਿਆ ਤਾਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੰਜ ਸਾਲ ਬਾਅਦ ਕੇਜਰੀਵਾਲ ਪੰਜਾਬੀਆਂ ਨੂੰ ਵੱਡੇ ਵੱਡੇ ਵਾਅਦੇ ਕਰ ਕੇ ਵੋਟਾਂ ਮੰਗਣ ਆ ਗਏ ਹਨ। ਪੰਜ ਸਾਲ ਤੱਕ ਉਹ ਸੂਬੇ ਵਿਚ ਕਦੇ ਨਹੀਂ ਆਏ। ਉਹਨਾਂ ਦੀ ਪਾਰਟੀ ਦੇ 20 ਵਿਚੋਂ 11 ਵਿਧਾਇਕ ਪਾਰਟੀ ਛੱਡ ਕੇ ਭੱਜ ਗਏ। ਅੱਜ ਉਹ ਟਿਕਟਾਂ ਵੇਚ ਕੇ ਕਰੋੜਾਂ ਰੁਪਏ ਇਕੱਠੇ ਕਰਨ ਵਾਸਤੇ ਆਏ ਹਨ। ਉਹਨਾਂ ਨੇ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਸਭ ਤੋਂ ਵੱਧ ਬੋਲੀ ਲਾਉਣ 'ਤੇ ਟਿਕਟਾਂ ਵੇਚੀਆਂ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਲੁਧਿਆਣਾ ਉਮੀਦਵਾਰ ਮਦਨ ਲਾਲ ਬੱਗਾ ਨੂੰ ਅਕਾਲੀ ਦਲ ਨੇ ਸ਼ਿਕਾਇਤਾਂ ਮਿਲਣ ਮਗਰੋਂ ਪਾਰਟੀ ਵਿਚੋਂ ਕੱਢ ਦਿੱਤਾ ਸੀ। ਪਾਰਟੀ ਦਾ ਲੁਧਿਆਣਾ ਸੈਂਟਰਲ ਦਾ ਉਮੀਦਵਾਰ ਜਬਰ ਜਨਾਹ ਦਾ ਮੁਲਜ਼ਮ ਹੈ। ਸਨੌਰ ਦਾ ਉਮੀਦਵਾਰ ਭਗੌੜਾ ਹੈ ਜਿਸਨੇ ਮਹਿੰਮ ਅੱਧ ਵਿਚਾਲੇ ਛੱਡ ਦਿੱਤੀ ਹੈ।

ਬਾਦਲ ਨੇ ਸ਼ਹਿਰ ਦੇ ਦੌਰੇ ਦੌਰਾਨ ਲੁਧਿਆਣਾ ਨਾਰਥ ਵਿਚ ਆਰ ਡੀ ਸ਼ਰਮਾ ਦੇ ਹੱਕ ਵਿਚ ਜਨਤਕ ਇਕੱਠਾਂ ਨੂੰ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਕਾਂਗਰਸ ਦੇ ਰਾਜਕਾਲ ਦੌਰਾਨ ਅਮਨ ਕਾਨੂੰਨ ਵਿਵਸਥਾ ਪੂਰੀ ਤਰਾਂ ਠੱਪ ਹੋ ਗਈ ਹੈ ਕਿਉਂਕਿ ਕਾਂਗਰਸ ਦੇ ਮੰਤਰੀਆਂ ਤੇ 'ਵਿਧਾਇਕਾਂ ਨੇ ਗੈਂਗਸਟਰਾਂ ਦੀ ਪੁਸ਼ਤ ਪਨਾਹੀ ਕੀਤੀ। ਇਸੇ ਲਈ ਪੰਜ ਸਾਲਾਂ ਦੌਰਾਨੀ ਫਿਰੌਤੀਆਂ ਰੋਜ਼ਾਨਾ ਦਾ ਕੰਮ ਹੋ ਗਿਆ ਸੀ। ਉਹਨਾਂ ਵਾਅਦਾ ਕੀਤਾ ਕਿ ਇਸ ਗੈਂਗਸਟਰ ਸਭਿਆਰ ਦਾ ਹਮੇਸ਼ਾ ਲਈ ਭੋਗ ਪਾਇਆ ਜਾਵੇਗਾ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਇਸਦੇ ਕਨਵੀਨਰ ਅਰਵਿੰਦ ਕੇਜਰੀਵਾਲ ਕਦੇ ਵੀ ਪੰਜਾਬ ਲਈ ਨਹੀਂ ਡਟੇ। ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਕੇਜਰੀਵਾਲ ਨੇ ਪੰਜਾਬ ਦੇ ਮੁੱਦਿਆਂ 'ਤੇ ਸੁਪਰੀਮ ਕੋਰਟ ਵਿਚ ਸੂਬੇ ਦੇ ਖਿਲਾਫ ਸਟੈਂਡ ਲਿਆ। ਉਸਨੇ ਪੰਜਾਬ ਦੇ ਦਰਿਆਈ ਪਾਣੀਆਂ ਵਿਚੋਂ ਦਿੱਲੀ ਤੇ ਹਰਿਆਣਾ ਲਈ ਹਿੱਸਾ ਮੰਗਿਆ, ਪੰਜਾਬ ਦੇ ਚਾਰ ਥਰਮਲ ਪਲਾਂਟ ਬੰਦ ਕਰਨ ਦੀ ਮੰਗ ਕੀਤੀ, ਪਰਾਲੀ ਸਾੜਨ ਵਾਲੇ ਪੰਜਾਬ ਦੇ ਕਿਸਾਨਾਂ ਖਿਲਾਫ ਫੌਜਦਾਰੀ ਕੇਸ ਦਰਜ ਕਰਨ ਦੀ ਮੰਗ ਕੀਤੀ।

ਸਰਦਾਰ ਬਾਦਲ, ਜਿਹਨਾਂ ਦਾ ਚਾਂਦਨੀ ਨਗਰ ਅਤੇ ਦੀਪ ਨਗਰ ਵਿਚ ਭਰਵਾਂ ਸਵਾਗਤ ਕੀਤਾ ਗਿਆ ਨੇ ਚਾਵਨੀ ਮੁਹੱਲਾ ਵਿਚ ਡੋਰ ਟੂ ਡੋਰ ਪ੍ਰਚਾਰ ਕੀਤਾ ਤੇ ਗੁਰਦੁਆਰਾ ਸ਼ੇਖਵਾਲ ਵਿਚ ਮੱਥਾ ਵੀ ਟੇਕਿਆ।

## ਹਾਈ ਕਮਾਨ ਦੇ ਫੈਸਲੇ ਦਾ ਅਸਰ ਨਵਜੋਤ ਸਿੰਘ ਸਿੱਧੂ ਦੇ ਹਲਕੇ ਉਤੇ ਵੀ ਪੈਣ ਦੀ ਸੰਭਾਵਨਾ

ਅੰਮ੍ਰਿਤਸਰ, 7 ਫਰਵਰੀ (ਪੋਸਟ ਬਿਊਰੋ)- ਕਾਂਗਰਸ ਹਾਈ ਕਮਾਨ ਵੱਲੋਂ ਪੰਜਾਬ ਵਿੱਚ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਚਰਨਜੀਤ ਸਿੰਘ ਚੰਨੀ ਨੂੰ ਚੁਣ ਲੈਣ ਨਾਲ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਚੋਣ ਉੱਤੇ ਵੀ ਅਸਰ ਪੈ ਸਕਦਾ ਹੈ। ਉਨ੍ਹਾਂ ਦਾ ਮੁਕਾਬਲਾ ਇਸ ਸ਼ਹਿਰ ਦੇ ਪੂਰਬੀ ਹਲਕੇ ਤੋਂ ਅਕਾਲੀ ਉਮੀਦਵਾਰ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਹੈ।

ਕੱਲ੍ਹ ਲੁਧਿਆਣਾ ਵਿੱਚ ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਪੰਜਾਬ ਚੋਣਾਂ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਰਾਹੁਲ ਗਾਂਧੀ ਨੇ ਇਹ ਚੋਣ ਚੰਨੀ ਅਤੇ ਸਿੱਧੂ ਵਿੱਚੋਂ ਕੀਤੀ ਹੈ। ਨਵਜੋਤ ਸਿੰਘ ਸਿੱਧੂ ਨੂੰ ਆਸ ਸੀ ਕਿ ਕਾਂਗਰਸ ਹਾਈ ਕਮਾਂਡ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਨਾਮਜ਼ਦ ਕਰੇਗੀ ਤੇ ਇਸੇ ਲਈ ਉਹ ਪਿਛਲੇ ਕਈ ਦਿਨਾਂ ਤੋਂ ਬਿਆਨ ਦਾਗ ਰਹੇ ਸਨ ਕਿ ਮੁੱਖ ਮੰਤਰੀ ਲਈ ਅਜਿਹਾ ਉਮੀਦਵਾਰ ਚਾਹੀਦਾ ਹੈ, ਜੋ ਇਮਾਨਦਾਰ ਹੋਵੇ, ਕਿਰਦਾਰ ਵਾਲਾ ਹੋਵੇ ਅਤੇ ਲੋਕਾਂ ਦਾ ਭਰੋਸੇਯੋਗ ਹੋਵੇ। ਚਰਨਜੀਤ ਸਿੰਘ ਚੰਨੀ ਦੇ ਇੱਕ ਰਿਸ਼ਤੇਦਾਰ ਦੇ ਖਿਲਾਫ ਈ ਡੀ (ਇਨਫੋਰਸਮੈਂਟ



ਡਾਇਰੈਕਟੋਰੇਟ) ਵੱਲੋਂ ਦਰਜ ਕੇਸ ਦਾ ਨਾਂਅ ਲਏ ਬਿਨਾਂ ਉਹ ਕਈ ਵਾਰ ਕਹਿ ਚੁੱਕੇ ਹਨ ਕਿ ਮਾਫੀਆ ਨਾਲ ਮਿਲਿਆ ਵਿਅਕਤੀ ਪੰਜਾਬ ਵਿੱਚ ਮਾਫੀਆ ਨੂੰ ਖਤਮ ਨਹੀਂ ਕਰ ਸਕਦਾ।

ਇਸ ਦੇ ਬਾਅਦ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦੀ ਕੱਲ੍ਹ ਹੋਈ ਚੋਣ ਨਾਲ ਸਿੱਧੂ ਸਮਰਥਕ ਨਿਰਾਸ਼ ਹਨ, ਪਰ ਚੰਨੀ ਸਮਰਥਕਾਂ ਨੇ ਭੰਗੜੇ ਪਾਏ ਹਨ। ਅੰਮ੍ਰਿਤਸਰ ਦੱਖਣੀ ਹਲਕੇ ਵਿੱਚ ਕਾਂਗਰਸੀ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ, ਜੋ ਦੋਬਾਰਾ ਚੋਣ ਲੜ ਰਹੇ ਹਨ, ਨੇ ਇਸ ਐਲਾਨ ਮਗਰੋਂ ਖੁਸ਼ੀ ਮਨਾਈ ਹੈ। ਇਸੇ ਤਰ੍ਹਾਂ ਕਾਂਗਰਸ ਦੇ ਕਈ ਹੋਰ ਆਗੂਆਂ ਨੇ ਸਿੱਧੂ ਦੀ ਥਾਂ ਚੰਨੀ ਨੂੰ ਮੁੱਖ ਮੰਤਰੀ ਚਿਹਰਾ ਬਣਾਏ ਜਾਣ ਉੱਤੇ ਤਸੱਲੀ ਦਾ ਪ੍ਰਗਟਾਈ ਹੈ। ਜ਼ਿਲ੍ਹਾ ਕਾਂਗਰਸ ਦਿਹਾਤੀ ਦੇ ਪ੍ਰਧਾਨ ਭਗਵੰਤਪਾਲ ਸਿੰਘ ਸੱਚਰ ਨੇ ਆਖਿਆ ਕਿ ਇਹ ਫੈਸਲਾ ਲੋਕਾਂ ਦੀਆਂ ਆਸਾਂ ਦੇ ਮੁਤਾਬਕਹੈ ਤੇ ਇਸ ਫੈਸਲੇ ਨਾਲ ਪੰਜਾਬ ਵਿੱਚ ਦਲਿਤ ਭਾਈਚਾਰੇ ਨੂੰ ਵੱਡੀ ਰਾਹਤ ਮਿਲੀ ਹੈ। ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਦਿਨੇਸ਼ ਬੱਸੀ, ਜਿਸ ਨੂੰ ਕੈਪਟਨ ਅਮਰਿੰਦਰ ਸਿੰਘ ਦਾ ਤਖਤਾ ਪਲਟਣ ਪਿੱਛੋਂ ਹਟਾਇਆ ਗਿਆ ਸੀ, ਨੇ ਵੀ ਕਾਂਗਰਸ ਹਾਈ ਕਮਾਨ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੁਲੀਟੀਕਲ ਸਾਇੰਸ ਵਿਭਾਗ ਦੇ ਸਾਬਕਾ ਪ੍ਰੋਫੈਸਰ ਜੇ ਐਸ ਸੇਖੋਂ ਨੇ ਆਖਿਆ ਕਿ ਪੂਰਬੀ ਹਲਕੇ ਵਿੱਚੋਂ ਕਿਸ ਨੇ ਜਿੱਤਣਾ ਹੈ, ਇਸ ਦਾ ਫੈਸਲਾ ਵੋਟਰਾਂ ਨੇ ਕਰਨਾ ਹੈ, ਪਰ ਕਾਂਗਰਸ ਦੇ ਇਸ ਫੈਸਲੇ ਨਾਲ ਸਿੱਧੂ ਲਈ ਚੋਣ ਮੁਕਾਬਲਾ ਸਖਤ ਹੋ ਜਾਵੇਗਾ।ਕੈਬਨਿਟ ਮੰਤਰੀ ਰਾਜ ਕੁਮਾਰ ਵੇਰਕਾ ਦੀ ਅਗਵਾਈ ਹੇਠ ਜਿੱਥੇ ਇਸ ਪ੍ਰੋਗਰਾਮ ਨੂੰ ਲਾਈਵ ਵਰਚੂਅਲ ਮੀਟਿੰਗ ਵਜੋਂ ਦੇਖਿਆ ਜਾ ਰਿਹਾ ਸੀ, ਉਥੇ ਇਸ ਫੈਸਲੇ ਮਗਰੋਂ ਢੋਲ ਵਜਾ ਕੇ ਅਤੇ ਭੰਗੜਾ ਪਾ ਕੇ ਖੁਸ਼ੀ ਪ੍ਰਗਟ ਕੀਤੀ ਗਈ। ਦਲਿਤ ਚਿਹਰੇ ਨੂੰ ਮੁੜ ਮੁੱਖ ਮੰਤਰੀ ਦਾ ਉਮੀਦਵਾਰ ਬਣਾਏ ਜਾਣ ਉੱਤੇ ਰਾਜ ਕੁਮਾਰ ਵੇਰਕਾ ਨੇ ਆਖਿਆ ਕਿ ਰਾਹੁਲ ਗਾਂਧੀ ਨੇ ਇਸ ਫੈਸਲੇ ਨਾਲ ਗਰੀਬਾਂ ਦੇ ਮਾਨ ਸਨਮਾਨ ਨੂੰ ਕਾਇਮ ਰੱਖਿਆ ਹੈ।

## ਸੁਖਪਾਲ ਸਿੰਘ ਖਹਿਰਾ ਵੱਲੋਂ ਰਾਣਾ ਗੁਰਜੀਤ ਸਿੰਘ ਨੂੰ ਚੁਣੌਤੀ

ਜਲੰਧਰ, 7 ਫਰਵਰੀ (ਪੋਸਟ ਬਿਊਰੋ)- ਕਾਂਗਰਸੀਆਂ ਦੇ ਆਪਸੀ ਭੇੜ ਕਾਰਨ ਦੋਆਬੇ ਲਈ ਸਭ ਤੋਂ ਹੌਟ ਸੀਟ ਮੰਨੇ ਜਾਂਦੇ ਸੁਲਤਾਨਪੁਰ ਲੋਧੀ ਵਿਖੇ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਉੱਤੇਕੱਲ੍ਹ ਤਿੱਖੇ ਸਿਆਸੀ ਹਮਲੇ ਕੀਤੇ ਅਤੇ ਚੁਣੌਤੀ ਦਿੱਤੀ ਹੈ।



ਵਰਨਣ ਯੋਗ ਹੈ ਕਿ ਰਾਣਾ ਗੁਰਜੀਤ ਸਿੰਘ ਪਹਿਲਾਂ ਸੁਲਤਾਨ-ਪੁਰ ਲੋਧੀ ਦੇ ਮੌਜੂਦਾ ਕਾਂਗਰਸੀ ਵਿਧਾਇਕ ਅਤੇ ਦੋਬਾਰਾ ਪਾਰਟੀ ਦੇ ਉਮੀਦਵਾਰ ਨਵਤੇਜ ਸਿੰਘ ਚੀਮਾ ਉੱਤੇ ਕਈ ਸਿਆਸੀ ਹਮਲੇ ਕਰ ਚੁੱਕੇ ਹਨ। ਇਨ੍ਹਾਂ ਹਮਲਿਆਂ ਦਾ ਜਵਾਬ ਕੱਲ੍ਹ ਸਾਬਕਾ ਵਿਧਾਇਕ ਤੇ ਭੁਲੱਥ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਦਿੱਤਾ ਅਤੇ ਕਿਹਾ ਕਿ ਇੱਕ ਦਿਨ ਆਵੇਗਾ, ਜਦੋਂ ਰਾਣਾ ਗੁਰਜੀਤ ਸਿੰਘ ਨੂੰ ਵਾਪਸ ਯੂ ਪੀ ਭੇਜ ਦਿਆਂਗੇ, ਜਿੱਥੋਂ ਆਇਆ ਸੀ। ਸੁਖਪਾਲ ਸਿੰਘ ਖਹਿਰਾ ਨੇ ਰਾਣਾ ਗੁਰਜੀਤ ਸਿੰਘ ਨੂੰ ਡਰਪੋਕ ਦੱਸਦਿਆਂ ਕਿਹਾ ਕਿ ਮੇਰੇ ਉੱਤੇ ਨਸ਼ਿਆਂ ਦਾ ਝੂਠਾ ਕੇਸ ਪਾਏ ਜਾਣ ਪਿੱਛਾ ਰਾਣੇ ਗੁਰਜੀਤ ਸਿੰਘ ਦਾ ਹੱਥ ਹੈ। ਖਹਿਰਾ ਨੇ ਐਲਾਨ ਕੀਤਾ ਕਿ 2027 ਦੀ ਵਿਧਾਨ ਸਭਾ ਦੀ ਚੋਣ ਉਹ ਕਪੂਰਥਲਾ ਤੋਂ ਰਾਣਾ ਗੁਰਜੀਤ ਸਿੰਘ ਦੇ ਵਿਰੁੱਧ ਲੜੇਗਾ। ਉਸ ਨੇ ਕਿਹਾ ਕਿ ਕਪੂਰਥਲਾ ਤੋਂ ਕਾਂਗਰਸ ਦੇ ਉਮੀਦਵਾਰ ਵਜੋਂ ਚੋਣ ਲੜ ਰਿਹਾ ਗੁਰਜੀਤ ਸਿੰਘ ਰਾਣਾ ਆਪਣੇ ਪੁੱਤਰ ਨੂੰ ਸੁਲਤਾਨਪੁਰ ਲੋਧੀ ਤੋਂ ਆਜ਼ਾਦ ਲੜਾ ਕੇ ਕਾਂਗਰਸ ਦੀ ਪਿੱਠ ਵਿੱਚ ਛੁਰਾ ਮਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਇਸ ਸੀਟ ਉੱਤੇ ਪਾਰਟੀ ਦਾ ਨੁਕਸਾਨ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਨਾ ਕਰ ਕੇ ਕਮਜ਼ੋਰੀ ਦਿਖਾਈ ਹੈ। ਰਾਣਾ ਵਿਰੁੱਧ ਕਾਰਵਾਈ ਬਹੁਤ ਪਹਿਲਾਂ ਹੋ ਜਾਣੀ ਚਾਹੀਦੀ ਸੀ, ਫਿਰਵੀ ਉਹ ਪਾਰਟੀ ਹਾਈ ਕਮਾਨ ਨੂੰ ਕਾਰਵਾਈ ਕਰਨ ਦੀ ਅਪੀਲ ਕਰਦੇ ਹਨ।

## ਮੋਟਰ ਸਾਈਕਲ ਉਤੇ ਜਾਂਦੇ ਜੇ ਈ ਦੀ ਗਲੇ ਵਿੱਚ ਚਾਈਨਾ ਡੋਰ ਫਸਣ ਕਾਰਨ ਮੌਤ

ਪਟਿਆਲਾ, 7 ਫਰਵਰੀ (ਪੋਸਟ ਬਿਊਰੋ)- ਨਾਭਾ ਰੋਡ ਤੋਂ ਅਬਲੋਵਾਲ ਇਲਾਕੇ ਵਿੱਚਟ੍ਰਾਂਸਕੋ ਗਰਿਡ ਵਿੱਚ ਡਿਊਟੀ ਉੱਤੇ ਜਾ ਰਹੇ ਪਾਵਰਕਾਮ ਦੇ ਜੂਨੀਅਰ ਇੰਜੀਨੀਅਰ 53 ਸਾਲਾ ਪਵਨ ਕੁਮਾਰ ਦੇ ਗਲੇ ਵਿੱਚ ਚਾਈਨਾ ਡੋਰ ਫਸਣ ਕਾਰਨ ਉਸ ਦਾ ਗਲਾ ਕੱਟਿਆ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਪਰ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਰਵਾਰ ਵਿੱਚ ਇੱਕ ਬੇਟਾ ਅਤੇ ਬੇਟੀ ਹੈ।

ਮ੍ਰਿਤਕ ਪਵਨ ਕੁਮਾਰ ਦੇ ਸਾਥੀ ਕਰਮਚਾਰੀ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਪਵਨ ਰੋਜ਼ਾਨਾ ਵਾਂਗ ਕੱਲ੍ਹ ਸ਼ਾਮ ਪੰਜ ਵਜੇ ਨਾਭਾ ਰੋਡ ਉੱਤੇ ਆਪਣੇ ਘਰ ਕਲਿਆਣ ਡੇਰਾ ਤੋਂ ਡਿਊਟੀ ਲਈ ਅਬਲੋਵਾਲ ਇਲਾਕੇ ਦੀ ਗਰਿਡ ਵਿੱਚ ਜਾ ਰਿਹਾ ਸੀ। ਪੁਲ ਉੱਤੇ ਮੁੜਦੇ ਵਕਤ ਉਸ ਦਾ ਗਲਾ ਕੱਟਿਆ ਗਿਆ ਤਾਂ ਲਹੂ ਲੁਹਾਨ ਹੋ ਕੇ ਸੜਕ ਉੱਤੇ ਡਿੱਗ ਪਿਆ। ਲੋਕਾਂ ਦੀ ਮਦਦ ਨਾਲ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ, ਪ੍ਰੰਤੂ ਹਾਲਤ ਜ਼ਿਆਦਾ ਗੰਭੀਰ ਹੋਣ ਕਰ ਕੇ ਉਸ ਨੂੰ ਰਾਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

## ਸੁਖਬੀਰ ਬਾਦਲ ਤੇ ਬੰਟੀ ਰੋਮਾਣਾ ਖਿਲਾਫ ਚੋਣ ਜ਼ਾਬਤੇ ਦੀ ਉਲੰਘਣਾ ਦਾ ਕੇਸ ਦਰਜ

ਫਰੀਦਕੋਟ, 7 ਫਰਵਰੀ (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਸ ਨੇ ਚੋਣ ਅਧਿਕਾਰੀ ਦੀ ਲਿਖਤੀ ਸ਼ਿਕਾਇਤ ਮਿਲਣ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਪਰਮਬੰਸ ਸਿੰਘ ਬੰਟੀ ਰੋਮਾਣਾ ਦੇ ਖਿਲਾਫ ਚੋਣ ਜ਼ਾਬਤੇ ਅਤੇ ਕੋਵਿਡ-19 ਦੇ ਨਿਯਮਾਂ ਦੀ ਉਲੰਘਣਾ ਦਾ ਕੇਸ ਦਰਜ ਕੀਤਾ ਹੈ।

ਇੱਕ ਦਿਨ ਪਹਿਲਾਂ ਇੱਥੇ ਅਨਾਜ ਮੰਡੀ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੀ ਪਾਰਟੀ ਦੇ ਉਮੀਦਵਾਰ ਬੰਟੀ ਰੋਮਾਣਾ ਦੇ ਹੱਕ ਵਿੱਚ ਚੋਣ ਰੈਲੀ ਕੀਤੀ ਗਈ ਸੀ।ਰਿਟਰਨਿੰਗ ਅਫਸਰ ਫਰੀਦਕੋਟ ਨੇ ਕਿਹਾ ਹੈ ਕਿ ਵੱਖ-ਵੱਖ ਜਾਂਚ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਅਕਾਲੀ ਦਲ ਦੀ ਰੈਲੀ ਵਿੱਚ ਛੇ ਹਜ਼ਾਰ ਤੋਂ ਵੱਧ ਲੋਕ ਸਨ, ਜਦੋਂ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਊਟ ਡੋਰ ਰੈਲੀ ਵਿੱਚ ਇੱਕ ਹਜ਼ਾਰ ਤੋਂ ਵੱਧ ਲੋਕ ਨਹੀਂ ਹੋ ਸਕਦੇ। ਆਮ ਆਦਮੀ ਪਾਰਟੀ ਨੇ ਅਕਾਲੀ ਦਲ ਦੀ ਰੈਲੀ ਦੀ ਵੀਡੀਓਗਰਾਫੀ ਕਰ ਕੇ ਚੋਣ ਅਬਜ਼ਰਵਰਾਂ ਨੂੰ ਸੌਂਪੀ ਸੀ। ਚੋਣ ਅਬਜ਼ਰਵਰਾਂ ਨੇ ਆਪਣੀ ਰਿਪੋਰਟ ਵਿੱਚ ਮਨਜ਼ੂਰੀ ਤੋਂ ਵੱਧ ਇਕੱਠ ਦੀ ਪੁਸ਼ਟੀ ਕੀਤੀ ਕਿ ਇਸ ਰੈਲੀ ਵਿੱਚ ਕੋਵਿਡ ਦੇ ਨਿਯਮਾਂ ਦੀ ਉਲੰਘਣਾ ਹੋਈ ਹੈ। ਜ਼ਿਲਾ ਪੁਲਸ ਮੁਖੀ ਨੇ ਕਿਹਾ ਕਿ ਉਨ੍ਹਾਂ ਨੂੰ ਰਿਟਰਨਿੰਗ ਅਫਸਰ ਦੀ ਇਸ ਬਾਰੇ ਲਿਖਤੀ ਸ਼ਿਕਾਇਤ ਮਿਲੀ ਤਾਂ ਇਸ ਅਨੁਸਾਰ ਸੁਖਬੀਰ ਸਿੰਘ ਬਾਦਲ ਤੇ ਪਰਮਬੰਸ ਸਿੰਘ ਬੰਟੀ ਰੋਮਾਣਾ ਸਮੇਤ ਕੁਝ ਲੋਕਾਂ ਖਿਲਾਫ ਚੋਣ ਜ਼ਾਬਤੇ ਅਤੇ ਕੋਵਿਡ ਨਿਯਮਾਂ ਦੀ ਉਲੰਘਣਾ ਦਾ ਕੇਸ ਦਰਜ ਕੀਤਾ ਹੈ।

## ਧੀ-ਪੁੱਤ ਦੇ ਸਿਰ ਵਿੱਚ ਹਥੌੜੇ ਮਾਰਨ ਮਗਰੋਂ ਕਿਸਾਨ ਵੱਲੋਂ ਖੁਦਕੁਸ਼ੀ

ਮੋਗਾ, 7 ਫਰਵਰੀ (ਪੋਸਟ ਬਿਊਰੋ)- ਥਾਣਾ ਮਹਿਣਾ ਹੇਠਲੇ ਪਿੰਡ ਰਾਮੂਵਾਲਾ ਕਲਾਂ ਵਿੱਚ ਕੱਲ੍ਹ ਸਵੇਰੇ ਇੱਕ ਕਿਸਾਨ ਨੇ ਸੁੱਤੇ ਪਏ ਆਪਣੇ ਧੀ ਅਤੇ ਪੁੱਤਰ ਦੇ ਸਿਰ ਵਿੱਚ ਹਥੌੜੇ ਮਾਰ ਕੇ ਜ਼ਖਮੀ ਕਰ ਦਿੱਤਾ। ਵਾਰਦਾਤ ਤੋਂ ਬਾਅਦ ਪਿਓ ਨੇ ਵੀ ਖੇਤਾਂ ਵਿੱਚ ਬਿਜਲੀ ਦੇ ਖੰਭੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਦੋਵਾਂ ਬੱਚਿਆਂ ਨੂੰ ਇੱਥੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ, ਜਿੱਥੇ ਦੋਵਾਂ ਦੀ ਹਾਲਤ ਗੰਭੀਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਰਾਮੂਵਾਲਾ ਦੇ ਕਿਸਾਨ ਲਾਲ ਸਿੰਘ ਦੇ ਪਿਤਾ ਚੂਹੜ ਸਿੰਘ ਦੀ ਕੁਝ ਦਿਨ ਪਹਿਲਾਂ ਮੌਤ ਹੋ ਗਈ ਸੀ। ਪਿੰਡ ਦੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਨੇ ਦੱਸਿਆ ਕਿ ਪਿਤਾ ਦੀ ਮੌਤ ਮਗਰੋਂ ਲਾਲ ਸਿੰਘ ਤਣਾਅ ਵਿੱਚ ਸੀ। ਉਸ ਦੇ ਸਿਰ ਕਾਫੀ ਕਰਜ਼ਾ ਸੀ। ਕੱਲ੍ਹ ਤੜਕੇ ਉਸ ਨੇ ਆਪਣੀ ਪਤਨੀ ਨੂੰ ਚਾਹ ਬਣਾਉਣ ਨੂੰ ਕਿਹਾ। ਪਿੱਛੋਂ ਉਸ ਨੇ ਬੈਡ ਉੱਤੇ ਸੁੱਤੀ ਆਪਣੀ ਅੱਠ ਵਰ੍ਹਿਆਂ ਦੀ ਧੀ ਤੇ ਛੇ ਵਰ੍ਹਿਆਂ ਦੇ ਪੁੱਤਰ ਦੇ ਸਿਰ ਉੱਤੇ ਹਥੌੜੇ ਨਾਲ ਵਾਰ ਕੀਤੇ ਅਤੇ ਬਾਅਦ ਵਿੱਚ ਉਸ ਨੇ ਖੇਤਾਂ ਵਿੱਚ ਬਿਜਲੀ ਦੇ ਖੰਭੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ।

## ਪੋਲ ਵਲੰਟੀਅਰ, ਦਿਵਿਆਂਗ ਵੋਟਰਾਂ ਲਈ ਸੁਖਾਵਾਂ ਮਾਹੌਲ ਅਤੇ ਉਨ੍ਹਾਂ ਨੂੰ ਸਹੂਲਤਾਂ ਦੇਣ ਲਈ ਸੀਈਓ ਰਾਜੂ ਨੇ ਵੈਬੀਨਾਰ ਰਾਹੀਂ ਪੋਲ ਵਲੰਟੀਅਰਾਂ ਨੂੰ ਕੀਤਾ ਜਾਗਰੂਕ

ਚੰਡੀਗੜ, 7 ਫਰਵਰੀ (ਗਿਆਨ ਸਿੰਘ) ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਦਿਵਿਆਂਗ ਵਿਅਕਤੀਆਂ ਲਈ ਸੁਖਾਵਾਂ ਮਾਹੌਲ ਅਤੇ ਟਰਾਂਸਪੋਰਟ ਸਹੂਲਤਾਂ ਉਪਲਬਧ ਕਰਵਾਉਣ ਦੇ ਮੱਦੇਨਜ਼ਰ, ਮੁੱਖ ਚੋਣ ਅਫ਼ਸਰ ਪੰਜਾਬ ਦੇ ਦਫ਼ਤਰ ਵਲੋਂ ਸੋਮਵਾਰ ਨੂੰ ਦਿਵਿਆਂਗ ਵੋਟਰਾਂ ਦੀ ਸਹੂਲਤ ਲਈ ਪੋਲ ਵਲੰਟੀਅਰਾਂ ਨੂੰ ਜਾਗਰੂਕ ਕਰਨ ਅਤੇ ਸਿਖਲਾਈ ਦੇਣ ਲਈ ਵੈਬੀਨਾਰ ਕਰਵਾਇਆ ਗਿਆ। ਜਿਕਰਯੋਗ ਹੈ ਕਿ ਰਾਜ ਵਿੱਚ 1,58,341 ਦਿਵਿਆਂਗ ਵੋਟਰ ਹਨ।




ਪੰਜਾਬ ਦੇ ਮੁੱਖ ਚੋਣ ਅਫ਼ਸਰ (ਸੀ.ਈ.ਓ.) ਡਾ. ਐਸ. ਕਰੁਣਾ ਰਾਜੂ ਜੋ ਕਿ ਵਧੀਕ ਸੀ.ਈ.ਓ. ਡੀ.ਪੀ.ਐਸ. ਖਰਬੰਦਾ ਦੀ ਹਾਜ਼ਰੀ ਵਿੱਚ, ਸਬੰਧਤ ਵਿਅਕਤੀਆਂ ਨੂੰ ਸੰਬੋਧਨ ਕਰ ਰਹੇ ਸਨ, ਨੇ ਕਿਹਾ ਕਿ ਉਹ ਦਿਵਿਆਂਗ ਵੋਟਰਾਂ ਤੱਕ ਪਹੁੰਚ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਵੈਬੀਨਾਰ ਵਿੱਚ ਬੂਥ ਲੈਵਲ ਅਫਸਰ (ਬੀਐਲਓ), ਜਿਲਾ ਸਮਾਜਿਕ ਸੁਰੱਖਿਆ ਅਫਸਰ (ਡੀਐਸਐਸਓ), ਜ਼ਿਲਾ ਸਿੱਖਿਆ ਅਫਸਰ (ਡੀਈਓ), ਆਂਗਣਵਾੜੀ ਵਰਕਰਾਂ, ਐਨਐਸਐਸ/ਐਨਸੀਸੀ/ਭਾਰਤ ਸਕਾਊਟਸ ਅਤੇ ਗਾਈਡ/ਨਹਿਰੂ ਯੁਵਾ ਕੇਂਦਰਾਂ ਦੇ ਵਾਲੰਟੀਅਰਾਂ ਅਤੇ ਚੋਣ ਮਿੱਤਰਾਂ ਸਮੇਤ ਹੋਰ ਸਬੰਧਤ ਨੇ ਸ਼ਿਰਕਤ ਕੀਤੀ।

ਡਾ: ਰਾਜੂ ਨੇ ਕਿਹਾ ਕਿ ਦਫਤਰ ਮੁੱਖ ਚੋਣ ਅਧਿਕਾਰੀ ਪੰਜਾਬ ਚੋਣਾਂ ਵਾਲੇ ਦਿਨ ਦਿਵਿਆਂਗਾਂ ਲਈ ਟਰਾਂਸਪੋਰਟ ਸਹੂਲਤ ਯਕੀਨੀ ਬਣਾਉਣ ਦੇ ਨਾਲ-ਨਾਲ ਉਨਾਂ ਤੱਕ ਪਹਿਲ ਦੇ ਆਧਾਰ 'ਤੇ ਵੋਟ ਪਵਾਉਣ ਨੂੰ ਯਕੀਨੀ ਬਣਾਏਗਾ। ਉਨਾਂ ਕਿਹਾ ਕਿ ਦਿਵਿਆਂਗ ਵੋਟਰਾਂ ਦੀ ਸਹੂਲਤ ਲਈ ਹਰੇਕ ਪੋਲਿੰਗ ਬੂਥ 'ਤੇ ਘੱਟੋ-ਘੱਟ ਇੱਕ ਵੀਲ ਚੇਅਰ ਹੋਵੇਗੀ ਅਤੇ ਅਜਿਹੇ ਵੋਟਰਾਂ ਦੀ ਸਹੂਲਤ ਲਈ ਹਰੇਕ ਬੂਥ 'ਤੇ 10 ਵਲੰਟੀਅਰ ਤਾਇਨਾਤ ਕੀਤੇ ਜਾਣਗੇ।

ਉਨਾਂ ਨੇ ਸਾਰੇ ਸਬੰਧਤ ਅਮਲੇ ਨੂੰ ਹਦਾਇਤ ਕੀਤੀ ਕਿ ਉਹ ਦਿਵਿਆਂਗ ਵੋਟਰਾਂ ਦੇ ਘਰ ਜਾ ਕੇ ਉਨਾਂ ਨੂੰ ਨਿੱਜੀ ਤੌਰ ਤੇ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਸੱਦਾ ਦੇਣ ਅਤੇ ਪ੍ਰੇਰਨ । ਉਨਾਂ ਨੇ ਅਮਲੇ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਸਾਰੇ ਦਿਵਿਆਂਗ ਵੋਟਰਾਂ ਵਲੋਂ ਪੀਡਬਲਿਊਡੀ ਐਪ ਡਾਊਨਲੋਡ ਕੀਤੀ ਜਾਵੇ ਅਤੇ ਭਾਰਤੀ ਚੋਣ ਕਮਿਸ਼ਨ ਵਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸਹੂਲਤਾਂ ਦਾ ਲਾਭ ਲੈਣ ਲਈ ਖੁਦ ਨੂੰ ਐਪ 'ਤੇ ਰਜਿਸਟਰ ਵੀ ਕੀਤਾ ਜਾਵੇ।

ਉਨਾਂ ਨੇ ਸਿੱਖਿਆ ਵਿਭਾਗ/ਤਕਨੀਕੀ ਸਿੱਖਿਆ ਵਿਭਾਗ ਨੂੰ ਵਲੰਟੀਅਰਾਂ ਦੀ ਸ਼ਨਾਖਤ ਕਰਨ ਦੇ ਨਿਰਦੇਸ਼ ਦਿੱਤੇ, ਜਦ ਕਿ ਡੀ.ਐੱਸ.ਐੱਸ.ਓਜ਼ ਨੂੰ ਕਿਹਾ ਕਿ ਉਹ ਦਿਵਿਆਂਗ ਵੋਟਰਾਂ ਅਤੇ ਛੋਟੇ ਬੱਚਿਆਂ ਵਾਲੀਆਂ ਮਾਵਾਂ ਦੀ ਮਦਦ ਕਰਨ ਲਈ ਹਰੇਕ ਬੂਥ 'ਤੇ ਆਂਗਣਵਾੜੀ ਵਰਕਰਾਂ ਦੀ ਤਾਇਨਾਤੀ ਕਰਕੇ ਚੋਣਾਂ ਨੂੰ ਲੋਕਪੱਖੀ ਤੇ ਵੋਟਰਾਂ ਲਈ ਦੋਸਤਾਨਾ ਮਾਹੌਲ ਬਣਾਉਣ।

ਡਾ: ਰਾਜੂ ਨੇ ਕਿਹਾ ਕਿ ਬੀ.ਐਲ.ਓ ਸੁਪਰਵਾਈਜ਼ਰ/ਆਰ.ਓ ਦੀ ਰਿਪੋਰਟ ਅਨੁਸਾਰ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਾਲੰਟੀਅਰਾਂ ਨੂੰ ਰਾਸ਼ਟਰੀ ਵੋਟਰ ਦਿਵਸ 'ਤੇ ਸਨਮਾਨਿਤ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਦਿਵਿਆਂਗ ਕੋਆਰਡੀਨੇਟਰਾਂ ਵਲੋਂ ਬਣਾਈ ਗਈ ਇੱਕ ਸਿਖਲਾਈ ਵੀਡੀਓ ਵੀ ਵੈਬੀਨਾਰ ਦੌਰਾਨ ਸਬੰਧਤ ਵਿਅਕਤੀਆਂ ਨੂੰ ਦਿਖਾਈ ਗਈ ਤਾਂ ਜੋ ਉਨਾਂ ਨੂੰ ਪੋਲਿੰਗ ਵਾਲੇ ਦਿਨ ਦਿਵਿਆਂਗ ਵੋਟਰਾਂ ਦੀ ਸਹੂਲਤ ਲਈ ਧਿਆਨ ਵਿੱਚ ਰੱਖਣ ਵਾਲੀਆਂ ਅਹਿਮ ਗੱਲਾਂ ਬਾਰੇ ਜਾਗਰੂਕ ਕੀਤਾ ਜਾ ਸਕੇ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਬਲੋਚਿਸਤਾਨ ਵਿੱਚ ਭਿਆਨਕ ਜੰਗ, 20 ਬਲੋਚ ਬਾਗ਼ੀ ਅਤੇ 9 ਪਾਕਿ ਸੈਨਿਕ ਮਰੇ



ਇਸਲਾਮਾਬਾਦ, 7 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਬਲੋਚਿ-ਸਤਾਨ ਸੂਬੇ ਵਿੱਚ ਬਾਗ਼ੀਆਂ ਨੇ ਫ਼ੌਜ ਦੇ 9 ਸੈਨਿਕਾਂ ਨੂੰ ਮਾਰ ਦਿੱਤਾ ਹੈ। ਫ਼ੌਜ ਵੱਲੋਂ ਤਿੰਨ ਦਿਨਾਂ ਤੋਂ ਚਲਾਈ ਜਾ ਰਹੀ ਮੁਹਿੰਮ ਵਿੱਚ 20 ਬਾਗ਼ੀ ਵੀ ਮਾਰੇ ਗਏ ਹਨ। ਫ਼ੌਜ ਦੀ ਇਹ ਮੁਹਿੰਮ ਕੱਲ੍ਹ ਪੂਰੀ ਹੋ ਗਈ। ਬਲੋਚ ਬਾਗ਼ੀਆਂ ਨੇ 170 ਪਾਕਿਸਤਾਨੀ ਸੈਨਿਕਾਂ ਨੂੰ ਮਾਰਨ ਦਾ ਦਾਅਵਾ ਕੀਤਾ ਹੈ।ਇਸ ਬਾਰੇ ਦੋਵਾਂ ਧਿਰਾਂ ਦੇ ਦਾਅਵੇ ਵੱਖੋ-ਵੱਖ ਹਨ।

ਬਲੋਚ ਲਿਬਰੇਸ਼ਨ ਆਰਮੀ (ਬੀ ਐਲ ਏ) ਨੇ ਇਹ ਦਾਅਵਾ ਕੀਤਾ ਹੈ ਕਿ ਉਸ ਨੇ ਕੱਲ੍ਹ ਰਾਤ ਪਾਕਿਸਤਾਨ ਦੇ ਫ਼ਰੰਟੀਅਰ ਕੋਰ (ਐਫ ਸੀ) ਦੇ ਨੋਸ਼ਕੀ ਅਤੇ ਪੰਜਗੁਰ ਕੈਂਪਾਂ ਉੱਤੇ ਦੋ ਵੱਡੇ ਹਮਲਿਆਂ ਵਿੱਚ 170 ਪਾਕਿਸਤਾਨ ਦੇ ਸੁਰੱਖਿਆ ਜਵਾਨਾਂ ਨੂੰ ਮਾਰ ਦਿੱਤਾ। ਫ਼ੌਜ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਉਸ ਨੇ ਬਾਗੀਆਂ ਨੂੰ ਵਾਪਸ ਭਜਾ ਦਿੱਤਾ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਟਵੀਟ ਕਰ ਕੇ ਸੁਰੱਖਿਆ ਬਲਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਸੀਂ ਬਹਾਦੁਰ ਸੁਰੱਖਿਆ ਬਲਾਂ ਨੂੰ ਸਲਾਮ ਕਰਦੇ ਹਾਂ, ਜਿਨ੍ਹਾਂ ਨੇ ਬਲੋਚਿਸਤਾਨ ਦੇ ਪੰਜਗੁਰ ਅਤੇ ਨੋਸ਼ਕੀ ਵਿੱਚ ਸੁਰੱਖਿਆ ਬਲਾਂ ਦੇ ਕੈਂਪ ਖ਼ਿਲਾਫ਼ ਹਮਲੇ ਅਸਫਲ ਕਰ ਦਿੱਤੇ ਹਨ।ਮਾਹਰਾਂ ਦਾ ਕਹਿਣਾ ਹੈ ਕਿ ਆਜ਼ਾਦੀ ਦੇ ਮਿਸ਼ਨ ਵਿੱਚ ਬਲੋਚ ਰਾਸ਼ਟਰਵਾਦੀ ਮੁੱਖ ਹਨ। ਨੋਸ਼ਕੀ ਤੇ ਪੰਜਗੁਰ ਹਮਲੇ ਮਹੱਤਵਪੂਰਨ ਹਨ ਕਿਉਂਕਿ ਉਹ ਓਦੋਂ ਹੋ ਰਹੇ ਹਨ ਜਦੋਂ ਪ੍ਰਧਾਨ ਮੰਤਰੀ ਇਮਰਾਨ ਖਾਨ ਚੀਨ ਵਿੱਚ ਹਨ। ਇਹ ਰੁਝਾਨ ਚੀਨ ਨੂੰ ਸੰਦੇਸ਼ ਭੇਜਦਾ ਹੈ ਕਿ ਜੇ ਪਾਕਿ-ਸਤਾਨ ਦੇ ਐਫ਼ ਸੀ ਕੈਂਪ ਬਲੋਚ ਹਮਲਿਆਂ ਤੋਂ ਸੁਰੱਖਿਅਤ ਨਹੀਂ ਤਾਂ ਪਾਕਿਸਤਾਨ ਵਿੱਚ ਆਪਣੇ ਹਿੱਤਾਂ ਦੀ ਰੱਖਿਆ ਕਿਵੇਂ ਕਰੇਗਾ।

## ਧਰਮ ਸੰਸਦ ਵਿੱਚ ਕਹੀਆਂ ਗੱਲਾਂ ਹਿੰਦੂਤਵ ਨਹੀਂ: ਭਾਗਵਤ



ਨਾਗਪੁਰ, 7 ਫਰਵਰੀ (ਪੋਸਟ ਬਿਊਰੋ)- ਧਰਮ ਸੰਸਦ ਦੇ ਬੈਨਰ ਹੇਠ ਕਰਵਾਏ ਪ੍ਰੋਗਰਾਮਾਂ ਵਿੱਚ ਹਿੰਦੂ ਧਰਮ ਅਤੇ ਹਿੰਦੂਤਵ ਬਾਰੇ ਕਹੀਆਂ ਗੱਲਾਂ ਨਾਲ ਰਾਸ਼ਟਰੀ ਸਵੈਂ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਅਸਹਿਮਤੀ ਪ੍ਰਗਟਾਈ ਹੈ, ਜਿਸ ਨਾਲ ਇੱਕ ਤਰ੍ਹਾਂ ਕਈ ਲੋਕਾਂ ਨੂੰ ਹੈਰਾਨੀ ਹੋਈ ਹੈ।

ਵਰਨਣ ਯੋਗ ਹੈ ਕਿ ਕੁਝ ਹਫਤੇ ਪਹਿਲਾਂ ਦੋ ਸਥਾਨਾਂ ਉੱਤੇ ਹੋਏ ਸਮਾਗਮਾਂ ਨਾਲ ਵਿਵਾਦ ਦੀ ਸਥਿਤੀ ਪੈਦਾ ਹੋ ਗਈ ਸੀ।ਹਿੰਦੂਤਵ ਅਤੇ ਰਾਸ਼ਟਰੀ ਅਖੰਡਤਾ ਵਿਸ਼ੇ ਉੱਤੇਸਮਾਗਮ ਵਿੱਚ ਭਾਗਵਤ ਨੇ ਕਿਹਾ ਕਿ ਧਰਮ ਸੰਸਦ ਤੋਂ ਨਿਕਲੀਆਂ ਗੱਲਾਂ ਹਿੰਦੂ ਅਤੇ ਹਿੰਦੂਤਵ ਦੀ ਪਰਿਭਾਸ਼ਾ ਦੇ ਅਨੁਸਾਰ ਨਹੀਂ ਸਨ। ਜੇ ਕੋਈ ਗੱਲ ਕਿਸੇ ਸਮੇਂ ਗੁੱਸੇ ਵਿੱਚ ਕਹੀ ਜਾਏ ਤਾਂ ਉਹ ਹਿੰਦੂਤਵ ਨਹੀਂ। ਆਰ ਐਸ ਐਸ ਅਤੇ ਹਿੰਦੂਤਵ ਵਿੱਚ ਭਰੋਸਾ ਰੱਖਦੇ ਲੋਕ ਏਦਾਂ ਦੀਆਂ ਗੱਲਾਂ ਉੱਤੇ ਭਰੋਸਾ ਨਹੀਂ ਕਰਦੇ। ਬੀਤੇ ਦਸੰਬਰ ਵਿੱਚ ਹਰਿਦੁਆਰ ਵਿੱਚ ਹੋਈ ਧਰਮ ਸੰਸਦ ਵਿੱਚ ਮੁਸਲਮਾਨਾਂ ਦੇ ਖਿਲਾਫ ਇਤਰਾਜ਼ਯੋਗ ਬਿਆਨ ਦਿੱਤਾ ਗਿਆ ਸੀ, ਜਦ ਕਿ ਰਾਏਪੁਰ ਵਿੱਚ ਹੋਈ ਧਰਮ ਸੰਸਦ ਵਿੱਚ ਮਹਾਤਮਾ ਗਾਂਧੀ ਬਾਰੇ ਮੰਦੀ ਟਿੱਪਣੀ ਕੀਤੀ ਗਈ ਸੀ। ਆਰ ਐੱਸ ਐੱਸ ਦੇ ਮੁਖੀ ਨੇ ਕਿਹਾ, ਵੀਰ ਸਾਵਰਕਰ ਨੇ ਹਿੰਦੂ ਫਿਰਕੇ ਦੀ ਏਕਤਾ ਤੇ ਉਸ ਨੂੰ ਸੰਗਠਿਤ ਕਰਨ ਦੀ ਗੱਲ ਕਹੀ ਸੀ, ਪਰ ਉਨ੍ਹਾਂ ਨੇ ਇਹ ਗੱਲ ਭਾਗਵਤ ਗੀਤਾ ਦਾ ਸੰਦਰਭ ਲੈਂਦੇ ਹੋਏ ਕਹੀ ਸੀ, ਕਿਸੇ ਨੂੰ ਖਤਮ ਕਰਨ ਜਾਂ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਨਹੀਂ। ਹਿੰਦੂ ਰਾਸ਼ਟਰ ਦੇ ਪ੍ਰਸ਼ਨ ਉੱਤੇ ਭਾਗਵਤ ਨੇ ਕਿਹਾ, ਭਾਰਤ ਹਿੰਦੂ ਰਾਸ਼ਟਰ ਹੈ, ਇਸ ਨੂੰ ਕੋਈ ਸਵੀਕਾਰ ਕਰੇ ਜਾਂ ਨਾ ਕਰੇ। ਸਾਡੇ ਸੰਵਿਧਾਨ ਦੀ ਨੇਚਰ ਹਿੰਦੂਤਵ ਵਾਲੀ ਹੈ। ਇਹ ਉਵੇਂ ਦੀ ਹੀ ਹੈ ਜਿਵੇਂ ਦੀ ਦੇਸ਼ ਦੀ ਅਖੰਡਤਾ ਦੀ ਭਾਵਨਾ।

## ਪਦਮਸ੍ਰੀ ਮਿਲਣ ’ਤੇ ਸਵਜੀਭਾਈ ਨੂੰ ਪੰਜਾਹ ਕਰੋੜ ਦਾ ਹੈਲੀਕਾਪਟਰ ਗਿਫਟ



ਸੂਰਤ, 7 ਫਰਵਰੀ (ਪੋਸਟ ਬਿਊਰੋ)- ਗੁਜਰਾਤ ਦੇ ਪ੍ਰਸਿੱਧ ਹੀਰਾ ਕਾਰੋਬਾਰੀ ਸਵਜੀਭਾਈ ਢੋਲਕੀਆ ਨੂੰ ਸਮਾਜ ਸੇਵੀ ਕੰਮਾਂ ਲਈ ਪਦਮਸ੍ਰੀ ਸਨਮਾਨ ਮਿਲਿਆ ਹੈ। ਇਸ ਸਨਮਾਨ ਦੀ ਖ਼ੁਸ਼ੀ ਵਿੱਚ ਢੋਲਕੀਆ ਪਰਵਾਰ ਨੇ ਸਵਜੀਭਾਈ ਨੂੰ ਸਰਪ੍ਰਾਈਜ਼ ਤੋਹਫੇ ਦੇ ਰੂਪ ਵਿੱਚ ਹੈਲੀਕਾਪਟਰ ਭੇਂਟ ਕੀਤਾ ਹੈ। ਇਹ ਹੈਲੀਕਾਪਟਰ ਪੰਜਾਹ ਕਰੋੜ ਰੁਪਏ ਦਾ ਦੱਸਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇੱਕ ਫਰਵਰੀ ਨੂੰ ਮੁੰਬਈ ਵਿੱਚ ਛੋਟੇ ਭਰਾ ਘਨਸ਼ਾਮਭਾਈ, ਤੁਲਸੀਭਾਈ ਅਤੇ ਵੱਡੇ ਭਰਾ ਹਿੰਮਤਭਾਈ ਅਤੇ ਪਰਵਾਰ ਦੇ ਅੱਠ ਪੁੱਤਰਾਂ ਨੇ ਪਾਰਟੀ ਰੱਖੀ ਸੀ। ਇਸੇ ਪਾਰਟੀ ਵਿੱਚ ਪਦਮਸ੍ਰੀ ਨਾਲ ਸਨਮਾਨਤ ਸਵਜੀਭਾਈ ਨੂੰ ਹੈਲੀਕਾਪਟਰ ਗਿਫਟ ਕਰਨ ਦਾ ਫੈਸਲਾ ਕੀਤਾ ਗਿਆ।

ਤੁਲਸੀਭਾਈ ਨੇ ਦੱਸਿਆ ਕਿ ਸਾਡੇ ਪਰਵਾਰ ਨੇ ਬਹੁਤ ਸੋਚਿਆ ਕਿ ਪਦਮਸ੍ਰੀ ਨਾਲ ਸਨਮਾਨਤ ਆਪਣੇ ਮੁਖੀ ਨੂੰ ਕੀ ਤੋਹਫਾ ਦਿੱਤਾ ਜਾਏ, ਜੋ ਸਭ ਤੋਂ ਵਧੀਆ ਹੋਵੇ ਤੇ ਉਨ੍ਹਾਂ ਲਈ ਉਪਯੋਗੀ ਹੋਵੇ। ਵਿਚਾਰ ਵਟਾਂਦਰੇ ਦੇ ਬਾਅਦ ਅਸੀਂ ਸਾਰਿਆਂ ਹੈਲੀਕਾਪਟਰ ਗਿਫਟ ਕਰਨ ਦਾ ਫੈਸਲਾ ਕੀਤਾ।ਸਵਜੀਭਾਈ ਅਤੇ ਉਨ੍ਹਾਂ ਦਾ ਪਰਵਾਰ ਬਿਜ਼ਨਸ ਹੀ ਨਹੀਂ, ਸਮਾਜਕ ਸਰੋਕਾਰ ਲਈ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਆਪਣੀ ਕੰਪਨੀ ਦੇ ਮੁਲਾਜ਼ਮਾਂ ਨੂੰ ਗਹਿਣੇ-ਕਾਰ ਅਤੇ ਫਲੈਟ ਤੋਹਫੇ ਵਿੱਚ ਦੇਣ ਦੀ ਸ਼ੁਰੂਆਤ ਵੀ ਕੀਤੀ ਸੀ। ਅਪ੍ਰੈਲ 2018 ਵਿੱਚ ਉਹ ਪਹਾੜਾਂ ਵਿੱਚ ਤਿੰਨ ਤੋਂ ਚਾਰ ਕਿਲੋਮੀਟਰ ਔਖੀ ਚੜ੍ਹਾਈ ਕਰ ਕੇ ਮਹਾਰਾਸ਼ਟਰ ਦੇ ਤਿਲਸਮਾਣ ਪਿੰਡ ਪਹੁੰਚੇ ਅਤੇ ਉਸ ਨੂੰ ਗੋਦ ਲਿਆ।

## ਮਹਾਰਾਣੀ ਐਲਿਜ਼ਾਬੈਥ ਦੀ ਇੱਛਾ ਕਿ ਕੈਮਿਲਾ ਮਹਾਰਾਣੀ ਬਣੇ



ਲੰਡਨ, 7 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਕੁਈਨ ਐਲਿਜ਼ਾਬੈਥ ਨੇ ਕਿਹਾ ਹੈ ਕਿ ਉਨ੍ਹਾਂ ਦੀ ਇੱਛਾ ਹੈ ਕਿ ਰਾਜ ਕੁਮਾਰ ਚਾਰਲਸ ਦੇ ਮਹਾਰਾਜਾ ਬਣਨ ਉੱਤੇ ਉਨਸ ਦੀ ਪਤਨੀ ਕੈਮਿਲਾ ਨੂੰ ‘ਕੁਈਨ ਕੰਸੋਰਟ' ਮੰਨਿਆ ਜਾਵੇ।

ਮਹਾਰਾਣੀ ਦੀ ਇਹ ਅਹਿਮ ਦਖਲਅੰਦਾਜ਼ੀ ਰਾਜਸ਼ਾਹੀ ਦੇ ਭਵਿੱਖ ਨੂੰ ਆਕਾਰ ਦੇਵੇਗੀ ਤੇ ਸ਼ਾਹੀ ਪਰਵਾਰ ਵਿੱਚ ਡੱਚੈਸ ਆਫ ਕਾਰਨਵਾਲ ਦਾ ਸਥਾਨ ਯਕੀਨੀ ਬਣਾਏਗੀ।95 ਸਾਲਾ ਮਹਾਰਾਣੀ ਨੇ ਆਪਣੀ ਤਾਜਪੋਸ਼ੀ ਦੀ 70ਵੀਂ ਵਰ੍ਹੇਗੰਢ ਬਾਰੇ ਦੇਸ਼ ਦੇ ਨਾਂਅ ਦਿੱਤੇ ਪਲੈਟੀਨਮ ਜੁਬਲੀ ਸੁਨੇਹੇ ਵਿੱਚ ਆਪਣੀ ਨੂੰਹ 74 ਸਾਲਾ ਕੈਮਿਲਾ ਦਾ ਸਮਰਥਨ ਕੀਤਾ ਅਤੇ ਦਿਲੋਂ ਇੱਛਾ ਜ਼ਾਹਿਰ ਕੀਤੀ ਕਿ ਪ੍ਰਿੰਸ ਚਾਰਲਸ ਦੇ ਮਹਾਰਾਜਾ ਬਣਨ ਉੱਤੇ ਕੈਮਿਲਾ ਨੂੰ ‘ਕੁਈਨ ਕੰਸੋਰਟ' ਵਜੋਂ ਜਾਣਿਆ ਜਾਵੇ। ਕੁਈਨ ਕੰਸੋਰਟ ਮਹਾਰਾਜਾ ਦੀ ਪਤਨੀ ਲਈ ਵਰਤਿਆ ਜਾਂਦਾ ਹੈ।ਮਹਾਰਾਣੀ ਨੇ ਆਪਣੇ ਲਿਖਤੀ ਸੁਨੇਹੇ ਵਿੱਚ ਕਿਹਾ, “ਮੈਂ ਤੁਹਾਡੇ ਸਮਰਥਨ ਲਈ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ। ਤੁਸੀਂ ਮੇਰੇ ਪ੍ਰਤੀ ਜੋ ਵਫਾਦਾਰੀ ਤੇ ਪਿਆਰ ਦਿਖਾਇਆ, ਉਸ ਵਾਸਤੇ ਮੈਂ ਹਮੇਸ਼ਾ ਤੁਹਾਡੀ ਧੰਨਵਾਦੀ ਰਹਾਂਗੀ। ਸਮਾਂ ਆਉਣ ਉੱਤੇ ਜਦੋਂ ਮੇਰਾ ਪੁੱਤਰ ਚਾਰਲਸ ਮਹਾਰਾਜਾ ਬਣੇਗਾ, ਮੈਨੂੰ ਆਸ ਹੈ ਕਿ ਤੁਸੀਂ ਉਸ ਨੂੰ ਤੇ ਉਸ ਦੀ ਪਤਨੀ ਕੈਮਿਲਾ ਨੂੰ ਉਹੀ ਸਮਰਥਨ ਦੇਵੋਗੇ, ਜੋ ਤੁਸੀਂ ਮੈਨੂੰ ਦਿੱਤਾ ਹੈ ਅਤੇ ਮੇਰੀ ਇੱਛਾ ਹੈ ਕਿ ਜਦੋਂ ਉਹ ਸਮਾਂ ਆਵੇਗਾ ਤਾਂ ਕੈਮਿਲਾ ਨੂੰ ਕੁਈਨ ਕੰਸੋਰਟ ਵਜੋਂ ਜਾਣਿ-ਆ ਜਾਵੇ।'ਮਹਾਰਾਣੀ ਐਲਿਜ਼ਾਬੈਥ ਕੱਲ੍ਹ ਆਪਣੀ ਪਲੈਟੀਨਮ ਜੁਬਲੀ ਮਨਾਉਣ ਵਾਲੀ ਪਹਿਲੀ ਬਰਤਨਾਵੀ ਮਹਾਰਾਣੀ ਬਣ ਗਈ ਹੈ।

## ਮੁੱਖ ਮੰਤਰੀ ਯੋਗੀ ਦੇ ਵਿਰੁੱਧ 26 ਸਾਲ ਤੋਂ ਧਰਨਾ ਲਾ ਰਿਹਾ ਸਾਬਕਾ ਟੀਚਰ ਚੋਣ ਲੜੇਗਾ

ਮੁਜ਼ੱਫਰਨਗਰ, 7 ਫਰਵਰੀ (ਪੋਸਟ ਬਿਊਰੋ)- 26 ਸਾਲ ਤੋਂ ਵਿਰੋਧ ਕਰ ਰਹੇ ਸਾਬਕਾ ਅਧਿਆਪਕ ਨੇ ਗੋਰਖਪੁਰ ਤੋਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਖਿਲਾਫ ਚੋਣ ਲੜਨ ਦਾ ਫੈਸਲਾ ਕੀਤਾ ਹੈ।

ਸਕੂਲ ਦੇ ਸਾਬਕਾ ਅਧਿਆਪਕ 59 ਸਾਲਾ ਵਿਜੇ ਸਿੰਘ ਨੇ ਕਿਹਾ ਕਿ ਮੈਂ ਸਰਕਾਰੀ ਜ਼ਮੀਨ ਨੂੰ ਮਾਫੀਆ ਦੀ ਚੁੰਗਲ ਵਿੱਚੋਂ ਛੁਡਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। 2012 ਵਿੱਚ ਮੈਂ ਓਦੋਂ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਮਿਲਿਆ, ਜਿਨ੍ਹਾਂ ਨੇ ਜਾਂਚ ਲਈ ਕਮੇਟੀ ਬਣਾਈ ਸੀ, ਪਰ ਬਾਅਦ ਵਿੱਚ ਕੁਝ ਨਹੀਂ ਹੋਇਆ। ਯੋਗੀ ਮੁੱਖ ਮੰਤਰੀ ਬਣੇ ਤਾਂ ਮੈਂ ਉਨ੍ਹਾਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੇ ਮੈਨੂੰ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ, ਜਿਸ ਨੇ 2019 ਵਿੱਚ ਆਪਣੀ ਰਿਪੋਰਟ ਵਿੱਚ ਮੇਰੇ ਦਾਅਵੇ ਵਿਚਲੀ ਸੱਚਾਈ ਦੀ ਪੁਸ਼ਟੀ ਕੀਤੀ ਸੀ। ਮੈਂ ਤੀਹ ਵਾਰ ਲਖਨਊ ਦਾ ਦੌਰਾ ਕੀਤਾ ਹੈ, ਪਰ ਕੋਈ ਕਾਰਵਾਈ ਨਹੀਂ ਹੋਈ ਹੈ।

ਸਾਲ 1996 ਵਿੱਚ ਜ਼ਮੀਨ ਮਾਫੀਆ ਵੱਲੋਂ ਉਨ੍ਹਾਂ ਦੇ ਛੁੜਾਨਾਂ ਪਿੰਡ ਵਿੱਚ ਜਨਤਕ ਜ਼ਮੀਨ ਹੜੱਪਣ ਉੱਤੇ ਵਿਜੇ ਸਿੰਘ ਬਹੁਤ ਪ੍ਰੇਸ਼ਾਨ ਹੋ ਗਏ ਅਤੇ ਉਨ੍ਹਾਂ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਜਨਤਕ ਜ਼ਮੀਨ ਦੇ ਕਬਜ਼ੇ ਦੇ ਵਿਰੋਧ ਵਿੱਚ ਮੁਜ਼ੱਫਰਨਗਰ ਕਲੈਕਟ੍ਰੇਟ ਵਿੱਚ ਧਰਨੇ ਉੱਤੇ ਬੈਠ ਗਏ।ਉਨ੍ਹਾਂ ਨੇ ਕਿਹਾ ਕਿ ਮੈਂ ਜਨਤਾ ਕੋਲ ਜਾਵਾਂਗਾ ਤੇ ਉਨ੍ਹਾਂ ਨੂੰ ਦੱਸਾਂਗਾ ਕਿ ਸਿਸਟਮ ਨੇ ਮੇਰੇ ਨਾਲ ਕੀ ਕੀਤਾ ਹੈ। 26 ਸਾਲ ਕੋਈ ਛੋਟਾ ਸਮਾਂ ਨਹੀਂ, ਮੈਂ ਆਪਣਾ ਜੀਵਨ ਇੱਕ ਚੰਗੇ ਕਾਰਜ ਲਈ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੈਂ ਯੋਗੀ ਆਦਿੱਤਿਆਨਾਥ ਦੇ ਖਿਲਾਫ ਚੋਣਾਂ ਲੜ ਰਿਹਾ ਹਾਂ ਤੇ ਕਰਹਲ ਵਿੱਚ ਅਖਿਲੇਸ਼ ਯਾਦਵ ਦੇ ਖਿਲਾਫ ਪਰਚੇ ਵੀ ਵੰਡਾਂਗਾ।

## ਕਾਂਗਰਸ ਵੱਲੋਂ ਮਨੀਪੁਰ ਵਿੱਚ ਅਫਸਪਾ ਕਾਨੂੰਨ ਹਟਾਉਣ ਦਾ ਵਾਅਦਾ

ਗੁਹਾਟੀ, 7 ਫਰਵਰੀ (ਪੋਸਟ ਬਿਊਰੋ)- ਮਨੀਪੁਰ ਵਿੱਚ ਕਾਂਗਰਸ ਮੁੜ ਕੇ ਸੱਤਾ ਵਿੱਚ ਵਾਪਸੀ ਦੀਆਂ ਕੋਸ਼ਿਸ਼ਾਂ ਵਿੱਚ ਲੱਗੀ ਹੋਈ ਅਤੇ ਇਸ ਲਈ ਪੰਜ ਪਾਰਟੀਆਂ ਨਾਲ ਮਿਲ ਕੇ ਇੱਕ ਗਠਜੋੜ ਬਣਾਇਆ ਹੈ। ਕਾਂਗਰਸ ਦੀ ਅਗਵਾਈ ਵਿੱਚ ਮਨੀਪੁਰ ਪ੍ਰੋਗਰੈਸਿਵ ਸੈਕੂਲਰ ਅਲਾਇੰਸ ਨੇ 30 ਸੂਤਰੀ ਮੈਨੀਫੈਸਟੋ ਜਾਰੀ ਕੀਤਾ ਹੈ। ਇਸ ਦੌਰਾਨ ਮਨੀਪੁਰ ਕਾਂਗਰਸ ਨੇ ਵਾਅਦਾ ਕੀਤਾ ਹੈ ਕਿ ਇਸ ਸੂਬੇ ਵਿੱਚ ਸੱਤਾ ਵਿੱਚ ਵਾਪਸ ਆਉਣ ਉੱਤੇ ਅਫ਼ਸਪਾ ਕਾਨੂੰਨ ਨੂੰ ਰੱਦ ਕੀਤਾ ਜਾਏਗਾ। ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਨੇ ਸਭ ਸਰਕਾਰੀ ਨੌਕਰੀਆਂ ਵਿੱਚ ਔਰਤਾਂ ਲਈ ਇੱਕ ਤਿਹਾਈ ਰਿਜ਼ਰਵੇਸ਼ਨ ਯਕੀਨੀ ਬਣਾਉਣ ਅਤੇ ਨੌਜਵਾਨਾਂ ਲਈ ਹਰ ਸਾਲ 50 ਹਜ਼ਾਰ ਨਵੀਂਆਂ ਨੌਕਰੀਆਂ ਪੈਦਾ ਕਰਨ ਦਾ ਵੀ ਵਾਅਦਾ ਕੀਤਾ ਹੈ।

## ਸਾਂਬਾ ਸੈਕਟਰ ਨੇੜੇ ਤਿੰਨ ਪਾਕਿ ਨਸ਼ਾ ਤਸਕਰ ਹਲਾਕ

ਸ੍ਰੀਨਗਰ, 7 ਫਰਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਜੰਮੂ ਖੇਤਰ ਦੇ ਸਾਂਬਾ ਸੈਕਟਰ ਵਿੱਚ ਅੰਤਰਰਾਸ਼ਟਰੀ ਸਰਹੱਦ ਉੱਤੇ ਬੀ ਐਸ ਐਫ ਦੀ ਕਾਰਵਾਈ ਵਿੱਚ ਪਾਕਿਸਤਾਨ ਤੋਂ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦੇ ਤਿੰਨ ਨਸ਼ਾ ਤਸਕਰ ਮਾਰੇ ਗਏ ਹਨ, ਜਿਨ੍ਹਾਂ ਦੇ ਕਬਜ਼ੇ ਵਿੱਚੋਂ ਭਾਰੀ ਮਾਤਰਾ ਵਿੱਚ ਹੈਰੋਇਨ ਬਰਾਮਦ ਹੋਈ ਹੈ।

ਬੀ ਐਸ ਐਫ ਦੇ ਬੁਲਾਰੇ ਨੇ ਦੱਸਿਆ ਕਿ ਕੱਲ੍ਹ ਤੜਕੇ ਕਰੀਬ 2.30 ਵਜੇ ਬੀ ਐਸ ਐਫ ਦੇ ਚੌਕਸ ਜਵਾਨਾਂ ਨੇ ਸਾਂਬਾ ਸੈਕਟਰ ਦੀ ਬੈਨਗਲਾਰ ਦੀ ਅਗਾਉਂ ਚੌਕੀ ਨੇੜੇ ਹਨ੍ਹੇਰੇ ਅਤੇ ਧੁੰਦ ਦਾ ਲਾਭ ਉਠਾ ਕੇ ਭਾਰਤੀ ਖੇਤਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਘੁਸਪੈਠੀਆਂ ਨੂੰ ਲਲਕਾਰਿਆ ਤੇ ਆਤਮ-ਸਮਰਪਣ ਕਰਨ ਲਈ ਕਿਹਾ ਪਰ ਉਹ ਪਾਕਿ-ਸਤਾਨ ਦੀ ਸਰਹੱਦ ਵੱਲ ਭੱਜੇ ਅਤੇ ਬੀ ਐਸ ਐਫ ਦੇ ਜਵਾਨਾਂ ਦੀ ਗੋਲੀ ਨਾਲ ਤਿੰਨੇ ਮਾਰੇ ਗਏ।

ਪਿਛਲੇ 10 ਦਿਨਾਂ ਤੋਂ ਘੁਸਪੈਠ ਦੀ ਇਨਪੁਟ ਮਿਲਣ ਕਾਰਨ ਸਰਹੱਦ ਉੱਤੇ ਚੌਕਸੀ ਵਰਤੀਜਾ ਰਹੀ ਸੀ, ਜਿਸ ਕਾਰਨ ਪਾਕਿਸਤਾਨ ਵੱਲੋਂ ਨਸ਼ਾ ਤਸਕਰੀ ਦੀ ਸਭ ਤੋਂ ਵੱਡੀ ਖੇਪ 36 ਕਿਲੋ ਹੈਰੋਇਨ ਫੜੀ ਹੈ, ਜਿਸ ਦੀ ਅੰਤਰ-ਰਾਸ਼ਟਰੀ ਬਾਜ਼ਾਰ ਵਿੱਚ ਕੀਮਤ 180 ਕਰੋੜ ਰੁਪਏ ਦੱਸੀ ਜਾਂਦੀ ਹੈ। ਤਲਾਸ਼ੀ ਦੌਰਾਨ ਮਾਰੇ ਗਏ ਘੁਸਪੈਠੀਆ ਦੀਆਂ ਲਾਸ਼ਾਂ ਕੋਲੋਂ 1-1 ਕਿਲੋ ਹੈਰੋਇਨ ਦੇ 36 ਪੈਕਟ, ਇੱਕ ਪਿਸਤੌਲ ਤੇ ਚਾਕੂ 9,820 ਰੁਪਏ ਦੀ ਪਾਕਿਸਤਾਨੀ ਕਰੰਸੀ ਤੇ ਹੋਰ ਸਾਮਾਨ ਬਰਾਮਦ ਹੋਇਆ ਹੈ।

## ਅਮਰੀਕੀ ਹਸਪਤਾਲਾਂ ਵਿੱਚ ਨਰਸਾਂ ਦੀ ਕਮੀ

ਸਾਨ ਫਰਾਂਸਿਸਕੋ, 7 ਫਰਵਰੀ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੇ ਕਾਰਨ ਅਮਰੀਕਾ ਦੇ ਹਸਪਤਾਲ ਨਰਸਾਂ ਦੀ ਕਮੀ ਨਾਲ ਜੂਝ ਰਹੇ ਹਨ। ਇਸਦਾ ਵੱਡਾ ਕਾਰਨ ਇਹ ਹੈ ਕਿ ਕੋਰੋਨਾ ਦੇ ਕਾਲ ਵਿੱਚ ਕਈ ਨਰਸਾਂ ਸੇਵਾਮੁਕਤ ਹੋ ਗਈਆਂ ਜਾਂਉਨ੍ਹਾਂ ਨੇ ਨੌਕਰੀ ਛੱਡ ਦਿੱਤੀ। ਇਸ ਵਿੱਚ ਸਿਹਤ ਸਿਸਟਮ ਦੇ ਹਾਲਾਤ ਹੋਰ ਡਿੱਗ ਰਹੇ ਹਨ।

ਕੈਲੀਫੋਨੀਆ ਵਿਸ਼ਵਵਿਦਿਆਲੇ ਸਾਨ ਫਰਾਂਸਿਸਕੋ ਦੀ ਤਾਜ਼ਾ ਰਿਪੋਰਟ ਅਨੁਸਾਰ ਇਕੱਲੇ ਕੈਲੀਫੋਨੀਆ ਵਿੱਚ ਵਰਕ ਫੋਰਸ ਵਿੱਚ 14 ਫੀਸਦੀ ਕਮੀ ਹੈ। ਅਮਰੀਕਾ ਆਮ ਤੌਰ ਉੱਤੇ ਨਰਸਿੰਗ ਸਮੇਤ ਕੁਝ ਪੇਸ਼ੇਵਰ ਨੌਕਰੀਆਂ ਦੇ ਲਈ ਸਥਾਈ ਰੂਪ ਵਿੱਚ ਦੇਸ਼ ਵਿੱਚ ਜਾਣ ਵਾਲੇ ਲੋਕਾਂ ਨੂੰ ਹਰ ਸਾਲ ਘੱਟੋ ਘੱਟ 1,40,000 ਗ੍ਰੀਨ ਕਾਰਡ ਦੇਂਦਾ ਹੈ। ਜ਼ਿਆਦਾਤਰ ਗ੍ਰੀਨ ਕਾਰਡ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਪਹਿਲਾਂ ਤੋਂ ਅਸਥਾਈ ਵੀਜ਼ੇ ਉੱਤੇ ਅਮਰੀਕਾ ਵਿੱਚ ਰਹਿ ਰਹੇ ਹਨ।ਇਸ ਸਾਲ ਇਨ੍ਹਾਂ ਵਿੱਚੋਂ 2,80,000 ਗ੍ਰੀਨ ਕਾਰਡ ਉਪਲਬੱਧ ਹਨ ਅਤੇ ਭਰਤੀ ਕਰਨ ਵਾਲਿਆਂ ਨੂੰ ਉਮੀਦ ਹੈ ਕਿ ਅਮਰੀਕਾ ਵਿੱਚ ਮਹਾਮਾਰੀ ਨਾਲ ਭਰੇ ਹੋਏ ਹਸਪਤਾਲਾਂ ਵਿੱਚ ਕੰਮ ਕਰਨ ਦੀ ਮੰਗ ਕਰਨ ਵਾਲੀਆਂ ਨਰਸਾਂ ਨੂੰ ਗ੍ਰੀਨ ਕਾਰਡ ਦਿੱਤੇ ਜਾ ਸਕਦੇ ਹਨ।

## ਭਾਜਪਾ ਦੀ ਮਾਈਕ੍ਰੋ ਡੋਨੇਸ਼ਨ ਮੁਹਿੰਮ ਮੱਠੀ ਪੈਣ ਉੱਤੇ ਪਾਰਟੀ ਪ੍ਰਧਾਨ ਨਾਰਾਜ਼

ਨਵੀਂ ਦਿੱਲੀ, 7 ਫਰਵਰੀ (ਪੋਸਟ ਬਿਊਰੋ)- ਭਾਜਪਾ ਵੱਲੋਂ ਸ਼ੁਰੂ ਕੀਤੀ ਮਾਈਕ੍ਰੋ ਡੋਨੇਸ਼ਨ ਮੁਹਿੰਮ ਨੂੰ ਲੈ ਕੇ ਪਾਰਟੀ ਦੇ ਸੀਨੀਅਰ ਨੇਤਾਵਾਂ ਦੀ ਇੱਕ ਬੈਠਕ ਵਿੱਚ ਕੌਮੀ ਪ੍ਰਧਾਨ ਜੇ ਪੀ ਨੱਢਾ ਨੇ ਨਾਰਾਜ਼ਗੀ ਜਾਹਿਰ ਕੀਤੀ ਹੈ। ਇਸ ਮੁ-ਹਿੰਮ ਦਾ ਮਕਸਦ ਪਾਰਟੀ ਵਰਕਰਾਂ ਤੋਂ ਚੰਦਾ ਇਕੱਠਾ ਕਰਨਾ ਹੈ।

ਸੂਖਮ ਦਾਨ (ਮਾਈਕ੍ਰੋ ਡੋਨੇਸ਼ਨ) ਮੁਹਿੰਮ ਪ੍ਰਤੀ ਦਾਨਕਰਤਾ ਪੰਜ ਰੁਪਏ ਤੋਂ ਲੈ ਕੇ ਵੱਧ ਤੋਂ ਵੱਧ 1,000 ਤਕ ਦਾਨ ਦੇਂਦਾ ਹੈ।ਰਿਪੋਰਟ ਮੁਤਾਬਕ ਭਾਜਪਾ ਕੋਲ 180 ਮਿਲੀਅਨ ਵਰਕਰ ਹਨ ਤੇ ਉਸ ਮੁਹਿੰਮ ਤਹਿਤ ਇੱਕ ਕਰੋੜ ਰੁਪਏ ਵੀ ਇਕੱਠੇ ਨਹੀਂ ਹੋ ਸਕੇ ਹਨ। ਨੱਢਾ ਨੇ ਆਪਣੇ ਅਹੁਦੇਦਾਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਸੀਨੀਅਰ ਨੇਤਾ ਵਰਕਰਾਂ ਨੂੰ ਨਾ ਸਿਰਫ਼ ਦਾਨ ਕਰਨ ਪ੍ਰਤੀ ਲਈ ਪ੍ਰੇਰਿਤ ਕਰਨਗੇ, ਸਗੋਂ ਇਸ ਮੁਹਿੰਮ ਨੂੰ ਨਵੇਂ ਮੈਂਬਰ ਦੀ ਭਰਤੀ ਦੇ ਮੌਕੇ ਵਜੋਂ ਵੀ ਵਰਤੋਂ ਕਰਨਗੇ।ਭਾਜਪਾ ਦੇ ਕੌਮੀ ਜਨਰਲ ਸੈਕਟਰੀ ਤਰੁਣ ਚੁੱਘ ਨੇ ਦੱਸਿਆ ਕਿ ਇਸ ਮੁਹਿੰਮ ਦੀ ਸ਼ੁਰੂਆਤ ਇੱਕ ਪੁਰਾਣੀ ਰਵਾਇਤ ਹੈ, ਜੋ ਰਾਸ਼ਟਰੀ ਸਵੈ-ਸੇਵਕ ਸੰਘ (ਆਰ ਐਸ ਐਸ) ਵੱਲੋਂ ਹੋਈ ਹੈ, ਜਿੱਥੇ ਹਰ ਪ੍ਰਚਾਰਕ ਜਾਂ ਆਰ ਐਸ ਐਸ ਵਰਕਰ ਆਪਣੇ ਸਾਧਨ ਅਨੁਸਾਰ ਸੰਘ ਨੂੰ ਸਾਲਾਨਾ ਦਾਨ ਦਿੰਦਾ ਹੈ। ਕ੍ਰਿਸਮਸ ਦੇ ਦਿਨ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਨਰਿੰਦਰ ਮੋਦੀ ਨੇ ਟਵੀਟ ਕੀਤਾ ਸੀ ਕਿ ਮੈਂ ਭਾਰਤੀ ਜਨਤਾ ਪਾਰਟੀ ਦੇ ਪਾਰਟੀ ਫੰਡ ਵਿੱਚ 1,000 ਦਾ ਦਾਨ ਦਿੱਤਾ ਹੈ ਅਤੇ ਭਾਜਪਾ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਕਰੋ।

## ਵਿੱਤ ਮੰਤਰੀ ਨੇ 10-ਡਾਊਨਿੰਗ ਸਟ੍ਰੀਟ ਦੀ ਪਾਰਟੀ ਵਿੱਚ ਹੋਣ ਦੀ ਗੱਲ ਮੰਨੀ



ਲੰਡਨ, 7 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਭਾਰਤੀ ਮੂਲ ਦੇ ਵਿੱਤ ਮੰਤਰੀ ਰਿਸ਼ੀ ਸੁਨਕ ਨੇ 2020 ਵਿੱਚ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਜਨਮਦਿਨ ਉੱਤੇ ਡਾਊਨਿੰਗ ਸਟ੍ਰੀਟ ਵਿੱਚ ਹੋਈ ਦਾਅਵਤ ਵਿੱਚ ਸ਼ਾਮਲ ਹੋਣ ਦੀ ਗੱਲ ਸਵੀਕਾਰ ਕੀਤੀ ਹੈ, ਪਰ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਜਦੋਂ ਉਹ ਕਮਰੇ ਵਿੱਚ ਦਾਖ਼ਲ ਹੋਏ ਤਾਂ ਕੀ ਹੋਇਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਹ ਕੋਵਿਡ ਬਾਰੇ ਮੀਟਿੰਗ ਲਈ ਕੈਬਿਨੇਟ ਕਮਰੇ ਵਿੱਚ ਸਨ।

ਵਰਨਣ ਯੋਗ ਹੈ ਕਿ ਬ੍ਰਿਟੇਨ ਵਿੱਚ ਸਖ਼ਤ ਤਾਲਾਬੰਦੀ ਬਾਰੇ ਪਾਬੰਦੀਆਂ ਦੌਰਾਨ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼-ਕਮ-ਦਫਤਰ 10-ਡਾਈਨਿੰਗ ਸਟ੍ਰੀਟ ਵਿੱਚ ਕਈ ਪਾਰਟੀਆਂ ਹੋਣ ਦੀ ਗੱਲ ਨਿਕਲ ਪਿੱਛੋਂ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਪੰਜ ਸਹਿਯੋਗੀਆਂ ਨੇ ਕੁਝ ਘੰਟਿਆਂ ਦੇ ਫਰਕ ਨਾਲ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਡਾਊਨਿੰਗ ਸਟ੍ਰੀਟ ਵਿੱਚ ਪੀ ਐਮ ਦੇ ਨੇੜਲੀ ਰਿਹਾਇਸ਼ ਵਿੱਚ ਰਹਿੰਦੇ ਸੁਨਕ ਜੂਨ 2020 ਨੂੰ 10-ਡਾਊਨਿੰਗ ਸਟ੍ਰੀਟ ਦੇ ਕੈਬਨਿਟ ਕਮਰੇ ਵਿੱਚ ਹੋਈ ਜਾਨਸਨ ਦੀ ਜਨਮਦਿਨ ਦੀ ਦਾਅਵਤ ਵਿੱਚ ਸ਼ਾਮਲ ਹੋਏ ਸਨ। ਅਖ਼ਬਾਰ ‘ਦਿ ਮਿਰਰ' ਦੀ ਖ਼ਬਰ ਅਨੁਸਾਰ ਉਨ੍ਹਾਂ ਨੇ ਮੰਨਿਆ ਹੈ ਕਿ ਡਾਊਨਿੰਗ ਸਟ੍ਰੀਟ ਵਿੱਚ ਤਾਲਾਬੰਦੀ ਵੇਲੇ ਦਾਅਵਤਾਂ ਬਾਰੇ ਪੈਦਾ ਹੋਏ ਵਿਵਾਦ ਨੇ ਸਰਕਾਰ ਉੱਤੇ ਜਨਤਾ ਦੇ ਵਿਸ਼ਵਾਸ ਨੂੰ ਘੱਟ ਕੀਤਾ ਹੈ ਪਰ ਭਾਰਤੀ ਮੂਲ ਦੇ ਸੁਨਕ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਵਿਸ਼ਵਾਸ ਫਿਰ ਬਹਾਲ ਹੋਵੇਗਾ। ਐਮ ਈ ਟੀ ਦੇ ਪੁਲਸ ਅਧਿਕਾਰੀ ਡਾਊਨਿੰਗ ਸਟ੍ਰੀਟ ਵਿੱਚ ਹੋਈਆਂ ਕੁੱਲ 12 ਦਾਅਵਤਾਂ ਦੇ ਸਬੰਧ ਵਿੱਚ ਜਾਂਚ ਕਰ ਰਹੇ ਹਨ।







Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation



JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

FREE ONLINE PROGRAM

JVS TORONTO

Job Search Workshop for Newcomers



Looking for information on how to enter your field in Canada?

Give us four days and we will give you more confidence and an understanding of your occupation in Canada. You will learn what skills and qualifications companies want and where the jobs are.

This free workshop offers:
- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

New registrants must have an assessment prior to the start of the program.

Open to permanent residents, convention refugees or live-in caregivers – internationally trained professionals who are able to work and can communicate in English.

Your First Steps to Employment in Canada

Now accepting applications.
For more info and to register, contact JSW@jvstoronto.org
www.jvstoronto.org

Funded by: Immigration, Refugees and Citizenship Canada
Financé par : Immigration, Réfugiés et Citoyenneté Canada
United Way Greater Toronto
UJA FEDERATION of Greater Toronto




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017